# CONSTITUTION & RULES

JAIMLAP PUNJAB 2019

JOINT ASSOCIATION OF INDEPENDENT MEDICAL LABORATORY & ALLIED PROFESSIONALS REGD (PUNJAB)

ਪੇਸ਼ਕਰਤਾ WRITTEN BY :-

**ਪ੍ਰਦੀਪ ਮੋਗਾਂ (ਮੋਗਾ)**

**ਗੁਰਵੰਤ ਸਿੰਘ ਬਾਜਵਾ (ਸ੍ਰੀ ਫ਼ਤਹਿਗੜ੍ਹ ਸਾਹਿਬ)**

PASSED BY: - STATE GENERAL HOUSE
(ALL DISTRICT PRESIDENTS
ALL DISTRICT GENERAL SECRETARIERS
ALL DISTRICT CASHIERS
ALL BLOCK PRESIDENTS (MLA CONSTITUENCY)
IN
_____
_____
MEETING HELD ON _____AT _____.

IMPLEMENTED BY:-
STATE PRESIDENT: - **JAGDEEP S. BHARDWAJ**_____

STATE GENERAL SECRETARY: - **RAJAN BECTOR**_____

STATE CASHIER: - **SALINDER PAL SINGH**_____

**TOTAL WORDS 4117**
**ਕੁੱਲ ਸ਼ਬਦ ੪੧੧੭**

## INTRODUCTION :-

ਜੈ ਮਿਲਾਪ ਸੰਸਥਾ ਦਾ ਨਿਰਮਾਣ ਸੰਨ 2017 ਵਿੱਚ ਕੀਤਾ ਗਿਆ, ਇਸ ਸੰਸਥਾ ਦਾ ਨਿਰਮਾਣ ਲੈਬਾਰਟਰੀ ਪੇਸ਼ੇ ਨਾਲ ਸੰਬੰਧਿਤ ਅਤੇ ਅਲਾਈਡ ਹੈਲਥ ਪ੍ਰੋਫੈਸ਼ਨਲ ਨਾਲ ਸੰਬੰਧਿਤ ਮੈਂਬਰਾਂ ਦੀ ਉੱਨਤੀ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਕੀਤਾ ਗਿਆ, ਇਸ ਨੂੰ ਪੰਜਾਬ ਸਰਕਾਰ ਵੱਲੋਂ ਰਜਿਸਟਰਡ ਕੀਤਾ ਗਿਆ (REGISTRATION NUMBER ROFS/PB/0068/2018-19)ਇਹ ਸੰਸਥਾ ਪੰਜਾਬ ਸਟੇਟ ਵਿੱਚ ਪੈਂਦੇ ਸਾਰੇ ਬੇਸਿਕ ਮੈਡੀਕਲ ਲੈਬ ਓਨਰ ਅਤੇ ਲੈਬ ਟੈਕਨੀਸ਼ੀਅਨ/ ਟੈਕਨਾਲੋਜਿਸਟ/ ਸਾਇੰਟਿਸਟ ਅਤੇ ਅਲਾਈਡ ਹੈਲਥ ਪ੍ਰੋਫੈਸ਼ਨਲ ਨਾਲ ਜੁੜੇ ਹੋਏ ਸਟੇਟ ਭਰਦੇ ਸਾਰੇ ਵਿਅਕਤੀਆਂ ਦੇ ਉਥਾਨ ਲਈ ਕੰਮ ਕਰੇਗੀ

## ਆਰਟੀਕਲ ਨੰਬਰ 1:- ਨਾਮ, ਭਾਸ਼ਾ, ਖੇਤਰ ਅਤੇ ਦਫ਼ਤਰ

1.01 ਨਾਮ:- JOINT ASSOCIATION OF INDEPENDENT MEDICAL LABORATORY & ALLIED PROFESSIONALS

1.02 ਰਜਿਸਟ੍ਰੇਸ਼ਨਨੰਬਰ:- ROFS/PB/0068/2018-19

1.03 ਭਾਸ਼ਾ:- ਪੰਜਾਬੀ, ਹਿੰਦੀ ਅਤੇ ਇੰਗਲਿਸ਼

1.04 ਖੇਤਰ:- ਪੰਜਾਬ ਸਟੇਟ

1.05 ਦਫ਼ਤਰ:- ਸਟੇਟ ਪ੍ਰਧਾਨ ਦਾ ਦਫਤਰ(ਲੈਬੋਰੇਟਰੀ)

ਸਥਾਈ ਜਾਂ ਅਸਥਾਈ ਦਫ਼ਤਰ ਦੀ ਲੋੜ ਮਹਿਸੂਸ ਹੋਣ ਤੇ ਸਟੇਟ ਕੋਰ ਕਮੇਟੀ ਆਪਣੇ ਬਹੁਮਤ ਨਾਲ ਕਿਸੇ ਵੀ ਜ਼ਿਲ੍ਹੇ ਵਿੱਚ ਆਪਣੇ ਕਾਰਜਕਾਲ ਦੌਰਾਨ ਦਫ਼ਤਰ ਸਥਾਪਿਤ ਕਰ ਸਕਦੀ ਹੈ

**<u>ਆਰਟੀਕਲ ਨੰਬਰ 2:- ਉਦੇਸ਼, ਮਿਸ਼ਨ</u>**

2.01 ਸਾਰੇ ਸਟੇਟ ਦੇ ਮੈਡੀਕਲ ਲੈਬਾਰਟਰੀ ਓਨਰ, ਮੈਡੀਕਲ ਲੈਬੋਟਰੀ ਪ੍ਰੋਫੈਸ਼ਨਲ ਅਤੇ ਅਲਾਈਡ ਹੈਲਥ ਪ੍ਰੋਫੈਸ਼ਨਲ ਨਾਲ ਸੰਬੰਧਿਤ ਵਿਅਕਤੀਆਂ ਨੂੰ ਇੱਕ ਪਲੇਟਫ਼ਾਰਮ ਤੇ ਲਿਆਉਣਾ ਅਤੇ ਸਾਂਝੀ ਸੋਚ ਪੈਦਾ ਕਰਨਾ

2.02 ਐਸੋਸੀਏਸ਼ਨ ਦੇ ਮੈਂਬਰਾਂ ਦੇ ਹੱਕਾਂ ਦੀ ਰਾਖੀ ਕਰਨਾ

2.03 ਆਜ਼ਾਦੀ ਤੋਂ ਬਾਅਦ 70 ਸਾਲ ਤੱਕ ਜਿਹੜਾ ਸਰਕਾਰ ਵੱਲੋਂ ਕਾਨੂੰਨ ਨਹੀਂ ਬਣਾਇਆ ਗਿਆ ਮੈਡੀਕਲ ਲੈਬੋਟਰੀ ਪ੍ਰੋਫੈਸ਼ਨਲ (DMLT, BSCMLT, MSCMLT and Basic Sciences etc OR EQUIVALENT) ਨੂੰ ਉਸ ਦੇ ਸਿਲੇਬਸ ਦੇ ਆਧਾਰ ਤੇ ਸਰਕਾਰ ਤੋਂ ਕਾਨੂੰਨ ਬਣਵਾ ਕੇ ਬੇਸਿਕ ਲੈਬ, ਮੀਡੀਅਮ ਲੈਬ ਅਤੇ ਐਡਵਾਂਸ ਲੈਬ ਦੀ ਸਾਈਨਿੰਗ ਅਥਾਰਟੀ ਦਿਵਾਉਣਾ

2.04 ਮੈਡੀਕਲ ਲੈਬੋਟਰੀ ਪ੍ਰੋਫੈਸ਼ਨਲ ਅਤੇ ਹੋਰ ਅਲਾਈਡ ਹੈਲਥ ਪ੍ਰੋਫੈਸ਼ਨਲ ਨੂੰ ਕੌਂਸਲ ਵਿੱਚ ਰਜਿਸਟਰੇਸ਼ਨ ਦਿਵਾਉਣਾ

2.05 ਮੈਡੀਕਲ ਲੈਬ ਪ੍ਰੋਫੈਸ਼ਨ ਅਤੇ ਅਲਾਈਡ ਹੈਲਥ ਦੇ ਹੋਰ ਪ੍ਰੋਫੈਸ਼ਨਾਂ ਦਾ ਪੱਧਰ ਪੰਜਾਬ ਸਟੇਟ ਵਿੱਚ ਉੱਚਾ ਕਰਨਾ

2.06 ਪੰਜਾਬ ਵਿੱਚ ਸਾਂਝੇ ਤੌਰ ਤੇ ਸਾਇੰਟਿਫਿਕ ਵਰਕਸ਼ਾਪ ਦਾ ਆਯੋਜਨ ਕਰਨਾ
ਕਿਸੇ ਕੁਦਰਤੀ ਆਪਦਾ ਦੇ ਸਮੇਂ ਜਾਂ ਆਮ ਜਨਤਾ ਨੂੰ ਹੋਰ ਜ਼ਰੂਰਤ ਦੇ ਸਮੇਂ ਫ੍ਰੀ ਮੈਡੀਕਲ ਰਿਲੀਫ ਕੈਂਪ ਲਗਾਉਣਾ

2.07 ਐਸੋਸੀਏਸ਼ਨ ਦੇ ਸਾਂਝੇ ਟੀਚਿਆਂ ਅਤੇ ਕੰਮਾਂ ਲਈ ਸਮੂਹਿਕ ਤੌਰ ਤੇ ਖਰਚੇ ਲਈ ਰਾਸ਼ੀ ਇਕੱਠੀ ਕਰਨਾ ਅਤੇ ਸਮੇਂ ਸਮੇਂ ਤੇ ਮਿੱਥੇ ਟੀਚਿਆਂ ਦੀ ਪੂਰਤੀ ਕਰਕੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਲਾਭ ਪਹੁੰਚਾਉਣਾ

2.08 ਐਸੋਸੀਏਸ਼ਨ ਜ਼ਰੂਰਤ ਪੈਣ ਤੇ ਆਪਣੇ ਮੈਂਬਰਾਂ ਦੇ ਹੱਕਾਂ ਲਈ ਕਾਨੂੰਨੀ ਲੜਾਈ ਵੀ ਲੜੇਗੀ

2.09 ਸਟੇਟ ਇਕਾਈ ਬੇਸਿਕ ਮੈਡੀਕਲ ਲੈਬਾਰਟਰੀ ਆਨਰ ਦੀ ਨੈਸ਼ਨਲ ਇਕਾਈ ਨਾਲ ਮਿਲ ਕੇ ਕੰਮ ਕਰੇਗੀ

**<u>ਆਰਟੀਕਲ ਨੰਬਰ 3:-MEMBERSHIP, ਸੰਸਥਾ ਦਾ ਗਠਨ ਅਤੇ ਪਰਿਭਾਸ਼ਾਵਾਂ</u>**

3.01 ਬੇਸਿਕ ਲੈਬੋਰੇਟਰੀ:- ਉਹ ਇਮਾਰਤ ਜਿੱਥੇ ਹੇਠ ਲਿਖੇ ਸਾਇੰਟਿਫਿਕ ਇੰਸਟਰੂਮੈਂਟ ਦੀ ਮਦਦ ਦੇ ਨਾਲ ਖ਼ੂਨ, ਥੁੱਕ, ਪਿਸ਼ਾਬ, ਵੀਰਜ ਆਦਿ ਦੇ ਟੈਸਟ ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ ਦੁਆਰਾ ਕੀਤੇ ਜਾਂਦੇ ਹਨ ਅਤੇ ਸਾਈਨ ਕੀਤੇ ਜਾਂਦੇ ਹਨ ਇੰਡੀਪੈਂਡੈਂਟ ਤੌਰ ਤੇ ਹਸਪਤਾਲ ਦੇ ਅੰਦਰ ਚਾਹੇ ਬਾਹਰ ਉਸ ਨੂੰ ਬੇਸਿਕ ਲੈਬਾਰਟਰੀ ਕਿਹਾ ਜਾਵੇਗਾ
ਸਾਇੰਟਿਫਿਕ ਇੰਸਟਰੂਮੈਂਟ :- ਮਾਈਕ੍ਰੋਸਕੋਪ, ਸੈਂਟਰੀਫਿਊਜ਼, ਫਰਿੱਜ, ਕੱਲਰੀਮੀਟਰ ਜਾਂ ਸੈਮੀ ਆਟੋ ਬਾਇਓ ਕਮਿਸਟਰੀ ਮਸ਼ੀਨ, ਜ਼ਰੂਰਤ ਅਨੁਸਾਰ ਰੀਜੈਂਟ ਕੈਮੀਕਲ ਕਿੱਟਾ, ਇੰਕੂਬੇਟਰ, ਐੱਚ ਬੀ ਮੀਟਰ, ਨਿਊ ਬੋਰ ਚੈਂਬਰ ਆਦਿ

3.02 ਬਲਾਕ ਐਸੋਸੀਏਸ਼ਨ:- ਇੱਕ ਐਮਐਲਏ (MLA) ਹਲਕਾ ਨੂੰ ਇੱਕ ਬਲਾਕ ਐਸ਼ੋਸ਼ੀਏਸ਼ਨ ਮੰਨਿਆ ਜਾਵੇਗਾ, ਜਿਵੇਂ ਕਿ ਇਸ ਵਕਤ ਪੰਜਾਬ ਵਿੱਚ 117 ਐਮਐਲਏ (MLA) ਹਲਕਾ ਹਨ, ਸੋ ਜੈਮਲਾ ਪੰਜਾਬ ਵਿੱਚ 117 ਬਲਾਕ ਕਮੇਟੀਆਂ ਹੋਣਗੀਆਂ
3.03 ਸੰਸਥਾ ਵਿੱਚ ਦੋ ਤਰ੍ਹਾਂ ਦੀ ਮੈਂਬਰਸ਼ਿਪ ਦਿੱਤੀ ਜਾਵੇਗੀ
(i) AHP ਮੈਂਬਰਸ਼ਿਪ (ii) LAB OWNER ਮੈਂਬਰਸ਼ਿੱਪ

3.04 **AHP ਮੈਂਬਰਸ਼ਿਪ**:-ਕਿਸੇ ਵੀ ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ / ਟੈਕਨਾਲੋਜਿਸਟ / ਸਾਇੰਟਿਸਟ ਅਤੇ ਕਿਸੇ ਵੀ ਅਲਾਈਡ ਹੈਲਥ ਪ੍ਰੋਫੈਸ਼ਨਲ ਨੂੰ 600 ਰੁਪਏ ਦੇ ਕੇ ਉਸਨੂੰ ਮਿਲੇਗੀ ਇਹ ਪੈਸੇ ਉਸਨੂੰ ਉਸ ਬਲਾਕ ਬਾਡੀ ਨੂੰ ਜਮ੍ਹਾਂ ਕਰਵਾਉਣੇ ਪੈਣਗੇ ਜਿਸ ਬਲਾਕ (ਐਮਐਲਏ ਹਲਕਾ) ਵਿੱਚ ਉਹ ਕੰਮ ਕਰਦਾ ਹੈ, ਇਹ ਮੈਂਬਰਸ਼ਿਪ ਫੀਸ ਦੋ ਸਾਲ ਲਈ ਹੋਵੇਗੀ ਅਤੇ ਦੋ ਸਾਲ ਬਾਅਦ ਇਹ ਫਿਰ ਲਈ ਜਾਵੇਗੀ, ਇਸ ਦੌਰਾਨ ਅਗਰ ਉਹ ਆਪਣਾ ਕੰਮ ਕਰਨ ਦਾ ਸਥਾਨ ਬਲਾਕ (ਐਮਐਲਏ ਹਲਕਾ) ਬਦਲ ਲੈਂਦਾ ਹੈ ਤਾਂ ਦੂਸਰੇ ਹਲਕੇ ਵਿੱਚ ਜਾਕੇ ਉਸਨੂੰ ਦੁਬਾਰਾ ਮੈਂਬਰਸ਼ਿਪ ਲੈਣੀ ਪਵੇਗੀ

ਮੈਂਬਰਸ਼ਿਪ ਲੈਣ ਸਮੇਂ ਬਲਾਕ ਬਾਡੀ ਨੂੰ JAIMLAP ਪੰਜਾਬ ਦਾ ਮੈਂਬਰਸ਼ਿਪ ਫਾਰਮ ਭਰ ਕੇ ਦੇਣਾ ਪਵੇਗਾ ਜੋ ਕਿ ਇਸ ਸੰਵਿਧਾਨ ਨਾਲ ਅਟੈਚ ਕੀਤਾ ਹੋਇਆ ਹੈ

ਕਿਸੇ ਵੀ ਵਿਵਾਦ ਦੌਰਾਨ ਜਿਵੇਂ ਕਿ AHP ਮੈਂਬਰ ਨੂੰ ਮੈਂਬਰਸ਼ਿਪ ਦੇਣੀ ਹੈ ਯਾ ਨਹੀਂ ਦੇਣੀ ਇਸ ਦਾ ਅਧਿਕਾਰ ਬਲਾਕ ਵਿੱਚ ਪੈਂਦੇ LAB OWNER ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨੂੰ ਹੋਵੇਗਾ

3.05 **LAB OWNER ਮੈਂਬਰਸ਼ਿਪ**:- LAB OWNER ਮੈਂਬਰਸ਼ਿਪ ਕਿਸੀ ਵੀ ਬੇਸਿਕ ਮੈਡੀਕਲ ਲੈਬੋਰਟਰੀ ਮਾਲਕ ਨੂੰ ਮਿਲੇਗੀ, ਇਸ ਦੇ ਲਈ ਉਸਨੂੰ ਆਪਣੀ ਬਲਾਕ ਬਾਡੀ ਨੂੰ ਆਪਣੇ ਲੈਬਾਰਟਰੀ ਰਿਪੋਰਟ ਪੈਡ ਉੱਤੇ ਸੈੱਲਫ਼ ਅਟੈਸਟੇਸ਼ਨ ਦੇਣੀ ਪਵੇਗੀ ਜਿਸ ਉੱਤੇ ਉਸਦੀ ਡਿਗਰੀ ਦਾ ਵੇਰਵਾ ਵੀ ਹੋਵੇ ਇਸ ਤੋਂ ਇਲਾਵਾ ਉਸ ਨੂੰ ਆਪਣੇ ਆਧਾਰ ਕਾਰਡ ਦੀ ਕਾਪੀ, ਆਪਣੇ ਬਾਇਓ ਵੈਸਟ ਕੰਪਨੀ ਦੇ ਐਗਰੀਮੈਂਟ ਦੀ ਫੋਟੋ ਕਾਪੀ, ਆਪਣੀ ਪਲੂਸ਼ਨ ਆਥੋਰਾਈਜ਼ੇਸ਼ਨ ਦੀ ਫੋਟੋ ਕਾਪੀ ਦੇਣੀ ਪਵੇਗੀ

ਕਿਉਂਕਿ ਹਸਪਤਾਲ ਦੇ ਅੰਦਰ ਆਉਂਦੀ ਲੈਬਾਰਟਰੀ ਨੂੰ ਅਲੱਗ ਤੋਂ ਬਾਇਓਵੇਸਟ ਨਹੀਂ ਲੈਣਾ ਪੈਂਦਾ ਇਸ ਲਈ ਉਸ ਲੈਬੋਰਟਰੀ ਮਾਲਕ ਨੂੰ ਬਾਇਓਵੇਸਟ ਐਗਰੀਮੈਂਟ ਅਤੇ ਆਥੋਰਾਈਜ਼ੇਸ਼ਨ ਦੀ ਕਾਪੀ ਦੇਣ ਦੀ ਜ਼ਰੂਰਤ ਨਹੀਂ ਹੈ

ਮੈਂਬਰਸ਼ਿਪ ਲੈਣ ਸਮੇਂ ਬਲਾਕ ਬਾਡੀ ਨੂੰ JAIMLAP ਪੰਜਾਬ ਦਾ ਮੈਂਬਰਸ਼ਿਪ ਫਾਰਮ ਭਰ ਕੇ ਦੇਣਾ ਪਵੇਗਾ ਜੋ ਕਿ ਇਸ ਸੰਵਿਧਾਨ ਨਾਲ ਅਟੈਚ ਕੀਤਾ ਹੋਇਆ ਹੈ

ਕਿਸੇ ਵੀ ਮਸਲੇ ਉੱਤੇ ਵਿਵਾਦ ਉੱਤੇ ਜਾਂ Lab Owner ਮੈਂਬਰਸ਼ਿਪ ਦੇਣੀ ਹੈ ਜਾਂ ਨਹੀਂ ਦੇਣੀ ਹੈ ਇਸ ਦਾ ਅਧਿਕਾਰ ਬਲਾਕ ਦੇ PRESENT LAB OWNER ਮੈਂਬਰਾਂ ਦੇ ਦੋ ਤਿਹਾਈ ਬਹੁਮਤ ਨੂੰ ਹੋਵੇਗਾ

3.06 LAB OWNER ਮੈਂਬਰਸ਼ਿਪ ਦੀ ਫੀਸ 08 ਜੂਨ 2017 ਤੋਂ 31 ਮਾਰਚ 2019 ਤੱਕ 2600 ਰੁਪਿਆ ਵਨ ਟਾਈਮ (ONE TIME) ਅਤੇ 200 ਰੁਪਏ ਪ੍ਰਤੀ ਮਹੀਨਾ ਸੀ ਅਤੇ 31 ਮਾਰਚ 2019 ਤੋਂ ਬਾਅਦ ਇਹ ਫੀਸ 5100 ਸੌ ਰੁਪਏ ONE TIME ਅਤੇ 200 ਰੁਪਿਆ ਪ੍ਰਤੀ ਮਹੀਨਾ ਹੈ. LAB OWNER ਮੈਂਬਰਸ਼ਿਪ ਵਿੱਚ ਵਾਧਾ ਜਾਂ ਘਾਟਾ ਕਰਨ ਦਾ ਅਧਿਕਾਰ ਸਟੇਟ ਜਨਰਲ ਹਾਊਸ ਦੇ ਦੋ ਤਿਹਾਈ ਬਹੁਮਤ ਨੂੰ ਹੋਵੇਗਾ

3.07 ਬਲਾਕ ਜ਼ਿਲ੍ਹਾ ਅਤੇ ਸਟੇਟ ਦੇ ਕਿਸੇ ਵੀ ਇਲੈਕਟਿਡ ਪੋਸਟ ਵਾਸਤੇ LAB OWNER ਮੈਂਬਰ ਹੋਣਾ ਜ਼ਰੂਰੀ ਹੈ ਅਤੇ ਨਾਮੀਨੇਟਡ ਪੋਸਟ ਵਾਸਤੇ LAB OWNER OR AHP ਮੈਂਬਰ ਹੋਣਾ ਜ਼ਰੂਰੀ ਹੈ, ਬਲਾਕ ਜ਼ਿਲ੍ਹਾ ਔਰ ਸਟੇਟ ਕੋਰ ਕਮੇਟੀ ਦੀ ਇਲੈਕਟਿਡ ਪੋਸਟ ਦੇ ਲਈ ਮੈਡੀਕਲ ਲੈਬੋਰਟਰੀ ਮਾਲਕ ਦਾ ਘੱਟੋਂ ਘੱਟ ਪੰਜ ਸਾਲ ਲੈਬ ਆਨਰ ਦੇ ਤੌਰ ਤੇ ਐਕਸਪੀਰੀਅੰਸ ਹੋਣਾ ਜ਼ਰੂਰੀ ਹੈ

3.08 **LAB OWNER ਮੈਂਬਰਸ਼ਿਪ ਅਤੇ AHP ਮੈਂਬਰਸ਼ਿਪ ਤੋਂ ਬਰਖਾਸਤਗੀ ਦਾ ਪ੍ਰੋਟੋਕਾਲ**:- ਕਿਸੇ ਵੀ LAB OWNER ਮੈਂਬਰ, AHP ਮੈਂਬਰ ਨੂੰ ਮੈਂਬਰਸ਼ਿਪ ਤੋਂ ਬਰਖ਼ਾਸਤਗੀ ਕਰਨ ਦਾ ਪ੍ਰੋਟੋਕਾਲ ਇਸ ਪ੍ਰਕਾਰ ਰਹੇਗਾ

(i) ਬਲਾਕ ਕੋਰ ਕਮੇਟੀ ਇਹ ਮਤਾ ਕਿ ਇਸ ਮੈਂਬਰ ਨੂੰ ਬਰਖਾਸਤ ਕਰਨਾ ਹੈ ਬਲਾਕ ਵਿੱਚ ਪੈਂਦੇ 80% LAB OWNER ਮੈਂਬਰਾਂ ਤੋਂ ਪਾਸ ਕਰਵਾਵੇਗੀ ਅਤੇ ਇਹ ਮਤਾ ਜ਼ਿਲ੍ਹਾ ਕੋਰ ਕਮੇਟੀ ਨੂੰ ਭੇਜਿਆ ਜਾਵੇਗਾ

(ii) ਜ਼ਿਲ੍ਹਾ ਕੋਰ ਕਮੇਟੀ ਇਹ ਮਤਾ ਜ਼ਿਲ੍ਹਾ ਜਨਰਲ ਹਾਊਸ ਵਿੱਚ ਦੋ ਤਿਹਾਈ ਬਹੁਮਤ ਨਾਲ ਪਾਸ ਕਰਵਾਵੇਗੀ

(iii) ਇਸ ਦੇ ਨਾਲ ਹੀ ਉਹ ਮੈਂਬਰ ਮੁੱਢਲੀ ਮੈਂਬਰਸ਼ਿਪ ਤੋਂ ਬਰਖਾਸਤ ਹੋ ਜਾਵੇਗਾ ਪਰ State ਕੋਰ ਕਮੇਟੀ ਇਹ ਮਤਾਂ ਦੁਬਾਰਾ ਸੁਝਾਅ ਲਈ ਭੇਜ ਸਕਦੀ ਹੈ

3.09 ਬਲਾਕ ਕਮੇਟੀ ਵਿੱਚ ਪ੍ਰਧਾਨ, ਜਨਰਲ ਸੈਕਟਰੀ ਅਤੇ ਕੈਸ਼ੀਅਰ ਦੇ ਅਹੁਦੇ ਇਲੈਕਟਿਡ ਹੋਣਗੇ ਅਤੇ ਇਸ ਨੂੰ ਬਲਾਕ ਕੋਰ ਕਮੇਟੀ ਕਿਹਾ ਜਾਵੇਗਾ ਜੋ ਕਿ LAB OWNER ਮੈਂਬਰ ਵੋਟ ਪਾ ਕੇ ਜਾਂ ਸਰਬਸੰਮਤੀ ਨਾਲਦੋ ਸਾਲ ਲਈ ਚੁਣਨਗੇ, ਬਾਕੀ ਦੇ ਸਾਰੇ ਨਾਮੀਨੇਟਡ ਅਹੁਦੇ ਬਲਾਕ ਕੋਰ ਕਮੇਟੀ ਆਪਣੇ ਬਹੁਮਤ ਨਾਲ ਚੁਣੇਗੀ
ਸਾਰੇ ਪੰਜਾਬ ਵਿੱਚ ਇਸ BLOCK (MLA Constituency) ਕਮੇਟੀਆਂ ਦਾ ਗਠਨ ਦਾ ਚੁਨਾਵ ਇਕੱਠਾ ਕਰਵਾਇਆ ਜਾਏਗਾ ਜਿਸ ਦੀ ਘੋਸ਼ਣਾ ਸਟੇਟ ਕੋਰ ਕਮੇਟੀ ਕਰੇਗੀ
ਬਲਾਕ ਦੇ ਇਸ ਚੁਨਾਵ ਵਿੱਚ ਉਸ ਦਾ ਜ਼ਿਲ੍ਹਾ ਕੋਰ ਕਮੇਟੀ ਆਪਣਾ ਇੱਕ ਨੁਮਾਇੰਦਾ ਭੇਜੇਗੀ ਜੋ ਇਸ ਨੂੰ ਮਾਨਤਾ ਪ੍ਰਦਾਨ ਕਰੇਗਾ ਅਤੇ ਲਿਖਿਤ ਮਤੇ ਉੱਤੇ ਸਾਈਨ ਕਰਕੇ ਸਟੇਟ ਜਨਰਲ ਸੈਕਟਰੀ ਨੂੰ ਭੇਜੇਗਾ

3.10 **ਜ਼ਿਲ੍ਹਾ ਕਮੇਟੀ:-** ਪੰਜਾਬ ਸਰਕਾਰ ਦੁਆਰਾ ਤੈਅ ਕੀਤਾ ਗਿਆ ਇੱਕ ਜ਼ਿਲ੍ਹਾ ਜ਼ਿਲ੍ਹਾ ਕਮੇਟੀ ਅਖਵਾਏਗਾ,ਜਿਵੇਂ ਕਿ ਇਸ ਵਕਤ ਪੰਜਾਬ ਵਿੱਚ 22 ਜ਼ਿਲ੍ਹੇ ਹਨ, ਸੋ ਪੰਜਾਬ JAIMLAP ਵਿੱਚ 22 ਜ਼ਿਲ੍ਹਾ ਕਮੇਟੀਆਂ ਹੋਣਗੀਆਂ, ਜ਼ਿਲ੍ਹਾ ਕਮੇਟੀ ਵਿੱਚ ਪ੍ਰਧਾਨ, ਜਨਰਲ ਸੈਕਟਰੀ ਅਤੇ ਕੈਸ਼ੀਅਰ ਇਲੈਕਟਿਡ ਪੋਸਟ ਹੋਣਗੀਆਂ ਜਿਸ ਨੂੰ ਜ਼ਿਲ੍ਹਾ ਕੋਰ ਕਮੇਟੀ ਕਿਹਾ

ਜਾਵੇਗਾ, ਜਿਸ ਨੂੰ ਬਲਾਕ ਪ੍ਰਧਾਨ, ਬਲਾਕ ਜਨਰਲ ਸੈਕਟਰੀ, ਬਲਾਕ ਕੈਸ਼ੀਅਰ, ਬਲਾਕ ਚੇਅਰਮੈਨ, ਬਲਾਕ ਸੀਨੀਅਰ ਵਾਈਸ ਪ੍ਰਧਾਨ ਅਤੇ ਬਲਾਕ ਮੁੱਖ ਸਰਪ੍ਰਸਤ ਵੋਟ ਪਾ ਕੇ ਜਾਂ ਸਰਬਸੰਮਤੀ ਨਾਲ ਦੋ ਸਾਲ ਲਈ ਚੁਣਨਗੇ
ਬਾਕੀ ਦੇ ਸਾਰੇ ਅਹੁਦੇ ਨੋਮੀਨੇਟ ਹੋਣਗੇ ਜੋ ਜ਼ਿਲ੍ਹਾ ਕੋਰ ਕਮੇਟੀ ਆਪਣੇ ਬਹੁਮਤ ਨਾਲ ਨੋਮੀਨੇਟ ਕਰੇਗੀ
ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਚੁਨਾਵ ਇਕੱਠੇ ਕਰਵਾਏ ਜਾਣਗੇ ਜਿਸ ਦੀ ਘੋਸ਼ਣਾ ਸਟੇਟ ਕੋਰ ਕਮੇਟੀ ਕਰੇਗੀ. ਜ਼ਿਲ੍ਹਾ ਦੇ ਇਸ ਚੁਣਾਵ ਸਟੇਟ ਕੋਰ ਕਮੇਟੀ ਆਪਣਾ ਇੱਕ ਨੁਮਾਇੰਦਾ ਭੇਜੇਗੀ ਜੋ ਇਸ ਨੂੰ ਮਾਨਤਾ ਪ੍ਰਦਾਨ ਕਰੇਗਾ ਅਤੇ ਲਿਖਿਤ ਮਤੇ ਉੱਤੇ ਸਾਈਨ ਕਰਕੇ ਸਟੇਟ ਜਨਰਲ ਸੈਕਟਰੀ ਨੂੰ ਭੇਜੇਗਾ

3.11 **<u>ਸਟੇਟ ਕਮੇਟੀ</u>**:- ਪੰਜਾਬ ਰਾਜ ਦੀ ਹੱਦ ਨੂੰ ਸਟੇਟ ਕਿਹਾ ਜਾਏਗਾ ਅਤੇ ਇਸ ਵਿੱਚ ਇੱਕ ਸਟੇਟ ਕਮੇਟੀ ਦਾ ਗਠਨ ਕੀਤਾ ਜਾਏਗਾ. ਸਟੇਟ ਕਮੇਟੀ ਵਿੱਚ ਸਟੇਟ ਪ੍ਰਧਾਨ, ਸਟੇਟ ਜਨਰਲ ਸੈਕਟਰੀ ਅਤੇ ਸਟੇਟ ਕੈਸ਼ੀਅਰ ਤਿੰਨ ਅਹੁਦੇ ਇਲੈਕਟਿਡ ਹੋਣਗੇ ਅਤੇ ਇਸ ਨੂੰ ਸਟੇਟ ਕੋਰ ਕਮੇਟੀ ਕਿਹਾ ਜਾਵੇਗਾ. ਸਟੇਟ ਕੋਰ ਕਮੇਟੀ ਨੂੰ ਜਾਂ ਉਨ੍ਹਾਂ ਦੇ ਅਹੁਦਿਆਂ ਨੂੰ 22 ਜ਼ਿਲ੍ਹਿਆਂ ਦੇ ਪ੍ਰਧਾਨ, ਜਨਰਲ ਸੈਕਟਰੀ, ਕੈਸ਼ੀਅਰ ਅਤੇ 117 ਬਲਾਕਾਂ ਦੇ ਪ੍ਰਧਾਨ ਵੋਟ ਪਾ ਕੇ ਜਾਂ ਸਰਵਸੰਮਤੀ ਨਾਲ ਚੁਣਨਗੇ

ਸਟੇਟ ਕਮੇਟੀ ਦੇ ਬਾਕੀ ਸਾਰੇ ਅਹੁਦੇ ਨਾਮੀਨੇਟ ਹੋਣਗੇ ਜੋ ਕਿ ਸਟੇਟ ਕੋਰ ਕਮੇਟੀ ਆਪਣੇ ਬਹੁਮਤ ਨਾਲ ਨੋਮੀਨੇਟ ਕਰੇਗੀ ਜਿਵੇਂ ਕਿ ਸਟੇਟ ਐਗਜੈਕਟਿਵ ਬਾਡੀ ਅਤੇ ਸਟੇਟ ਕਮੇਟੀਆਂ ਜ਼ਰੂਰਤ ਅਨੁਸਾਰ

ਬਲਾਕ ਜ਼ਿਲ੍ਹਾ ਅਤੇ ਸਟੇਟ ਦੇ ਇਲੈਕਟਿਡ ਅਹੁਦਿਆਂ ਨੂੰ ਸਮੇਂ ਤੋਂ ਪਹਿਲਾਂ ਉਨ੍ਹਾਂ ਦੇ ਅਹੁਦੇ ਤੋਂ ਉਤਾਰਨ ਦੇ ਲਈ ਜਿਨ੍ਹਾਂ ਨੇ ਉਨ੍ਹਾਂ ਨੂੰ ਚੁਣਿਆ ਸੀ ਉਹ ਆਪਣੀ ਇੱਕ ਮੀਟਿੰਗ ਕਰਕੇ ਉਸ ਇਲੈਕਟਿਡ ਅਹੁਦੇਦਾਰ ਦੇ ਖਿਲਾਫ ਅਵਿਸ਼ਵਾਸ ਮਤਾ ਦੋ ਤਿਹਾਈ ਬਹੁਮਤ ਨਾਲ ਪਾਸ ਕਰਕੇ ਅਜਿਹਾ ਕਰ ਸਕਦੇ ਹਨ ਪਰ ਉਸ ਅਹੁਦੇਦਾਰ ਨੂੰ ਉਸ ਮੀਟਿੰਗ ਵਿੱਚ ਬੁਲਾ ਕੇ ਉਸ

ਨੂੰ ਆਪਣੀ ਗੱਲ ਰੱਖਣ ਦਾ ਮੌਕਾ ਜ਼ਰੂਰ ਦਿੱਤਾ ਜਾਵੇਗਾ. ਇਸ ਮੀਟਿੰਗ ਵਿੱਚ ਉਪਰਲੀ ਅਕਾਈ ਤੋਂ ਅਬਜ਼ਰਵਰ ਮੰਗਵਾਉਣਾ ਜ਼ਰੂਰੀ ਹੈ.

3.12 **<u>ਸਟੇਟ ਐਗਜੈਕਟਿਵ ਬਾਡੀ:-</u>** STATE EXECUTIVE BODY ਵਿੱਚ ਹੇਠ ਲਿਖੇ ਅਹੁਦੇ ਹੋਣਗੇ

ਸਟੇਟ ਕੋਰ ਕਮੇਟੀ
ਸਟੇਟ ਚੇਅਰਮੈਨ
ਸਟੇਟ ਵਾਈਸ ਚੇਅਰਮੈਨ
ਸਟੇਟ ਚੀਫ ਪੈਟਰਨ
ਪੈਟਰਨ
ਸਟੇਟ ਚੀਫ਼ ਐਡਵਾਈਜ਼ਰ
ਐਡਵਾਈਜ਼ਰ
ਨੈਸ਼ਨਲ ਕੋਆਰਡੀਨੇਟਰ
ਸਟੇਟ ਸੀਨੀਅਰ ਵਾਈਸ ਪ੍ਰਧਾਨ
ਸਟੇਟ ਵਾਈਸ ਪ੍ਰਧਾਨ
ਸਟੇਟ ਜੁਆਇੰਟ ਸੈਕਟਰੀ
ਸਟੇਟ ਜੁਆਇੰਟ ਕੈਸ਼ੀਅਰ
ਸਟੇਟ ਪੀਆਰਓ
ਸਟੇਟ ਪ੍ਰੈੱਸ ਸਕੱਤਰ
ਸਟੇਟ ਆਰਗੇਨਾਈਜ਼ਰ ਸੈਕਟਰੀ
ਸਟੇਟ ਸਪੋਕਸ ਪਰਸਨ
ਸਾਰੀ ਕਮੇਟੀਆਂ ਦੇ ਹੈੱਡ
ਅਤੇ ਜ਼ਿਲ੍ਹਾ ਪ੍ਰਧਾਨ

3.13 **<u>ਸਟੇਟ ਜਨਰਲ ਹਾਊਸ</u>**:- ਸਟੇਟ ਜਨਰਲ ਹਾਊਸ ਵਿੱਚ ਹੇਠ ਲਿਖੇ ਅਹੁਦੇ ਸ਼ਾਮਿਲ ਹੋਣਗੇ

ਸਟੇਟ ਕੋਰ ਕਮੇਟੀ
ਅਤੇ ਸਾਰੀਆਂ ਰਜਿਸਟਰਡ ਜ਼ਿਲ੍ਹਾ ਕੋਰ ਕਮੇਟੀਆਂ
ਅਤੇ ਬਲਾਕ ਪ੍ਰਧਾਨ

3.14 **ਜ਼ਿਲ੍ਹਾ ਜਨਰਲ ਹਾਊਸ**:- ਜ਼ਿਲ੍ਹਾ ਜਨਰਲ ਹਾਊਸ ਵਿੱਚ ਉਸ ਜ਼ਿਲ੍ਹੇ ਵਿੱਚ ਪੈਂਦੇ ਸਾਰੇ ਬਲਾਕ ਦੇ ਪ੍ਰਧਾਨ, ਜਰਨਲ ਸੈਕਟਰੀ, ਕੈਸ਼ੀਅਰ, ਚੇਅਰਮੈਨ, ਸੀਨੀਅਰ ਵਾਈਸ ਪ੍ਰਧਾਨ ਅਤੇ ਮੁੱਖ ਸਰਪ੍ਰਸਤ ਸ਼ਾਮਿਲ ਹੋਣਗੇ

3.15 **ਡਿਸਟਿਕ ਅਸੈਂਬਲੀ ਮੀਟਿੰਗ**:- ਡਿਸਟਿਕ ਅਸੈਂਬਲੀ ਮੀਟਿੰਗ ਤੋਂ ਭਾਵ ਹੈ ਕਿ ਉਸ ਵਿੱਚ ਡਿਸਟਿਕ ਦੇ ਸਾਰੇ LAB OWNER ਮੈਂਬਰ ਸ਼ਾਮਿਲ ਹੋਣਗੇ

3.16 **ਡਿਸਟਿਕ ਪਾਰਲੀਮੈਂਟ ਮੀਟਿੰਗ**:- ਡਿਸਟਿਕ ਪਾਰਲੀਮੈਂਟ ਮੀਟਿੰਗ ਤੋਂ ਭਾਵ ਹੈ ਕਿ ਉਸ ਵਿੱਚ ਡਿਸਟਿਕ ਦੇ ਸਾਰੇ LAB OWNER ਅਤੇ AHP ਮੈਂਬਰ ਸ਼ਾਮਿਲ ਹੋਣਗੇ

3.17 **ਸਟੇਟ ਅਸੈਂਬਲੀ ਮੀਟਿੰਗ**:- ਸਟੇਟ ਅਸੈਂਬਲੀ ਮੀਟਿੰਗ ਤੋਂ ਭਾਵ ਹੈ ਕਿ ਉਸ ਵਿੱਚ ਸਟੇਟ ਕੋਰ ਕਮੇਟੀ, ਜ਼ਿਲ੍ਹਾ ਕੋਰ ਕਮੇਟੀ, ਬਲਾਕ ਕੋਰ ਕਮੇਟੀ, ਸਟੇਟ ਐਗਜੈਕਟਿਵ ਬਾਡੀ, ਸਾਰੀਆਂ ਸਟੇਟ ਕਮੇਟੀਆਂ ਦੇ ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰ ਸ਼ਾਮਿਲ ਹੋਣਗੇ

3.18 **ਸਟੇਟ ਪਾਰਲੀਮੈਂਟ ਮੀਟਿੰਗ**:- ਸਟੇਟ ਪਾਰਲੀਮੈਂਟ ਮੀਟਿੰਗ ਤੋਂ ਭਾਵ ਹੈ ਕਿ ਪੂਰੇ ਪੰਜਾਬ ਦੇ ਸਾਰੇ LAB OWNER ਮੈਂਬਰ ਅਤੇ AHP ਮੈਂਬਰ ਇਸ ਵਿੱਚ ਸ਼ਾਮਿਲ ਹੋ ਹੋਣਗੇ

3.19 ਸੰਵਿਧਾਨ ਨੂੰ ਪਾਸ ਕਰਨਾ ਜਾਂ ਸੰਵਿਧਾਨ ਵਿੱਚ ਸੋਧ ਕਰਨ ਦਾ ਅਧਿਕਾਰ ਸਟੇਟ ਜਨਰਲ ਹਾਊਸ ਕੋਲ ਹੋਵੇਗਾ ਸਰਵਸੰਮਤੀ ਦੁਆਰਾ ਜਾਂ ਦੋ ਤਿਹਾਈ ਬਹੁਮਤ ਦੁਆਰਾ ਜਾਂ ਫਿਰ ਵੋਟ ਪਾ ਕੇ

ਇਸ ਸਭ ਲਈ ਸਟੇਟ ਜਨਰਲ ਹਾਊਸ ਦੀ ਮੀਟਿੰਗ ਬੁਲਾਣਾ ਜ਼ਰੂਰੀ ਹੋਵੇਗਾ. ਮੀਟਿੰਗ ਤੋਂ ਪਹਿਲਾਂ ਕੋਈ ਵੀ ਬਲੌਕ ਔਰ ਜ਼ਿਲ੍ਹਾ ਸੰਵਿਧਾਨ ਸੋਧ ਦਾ ਪ੍ਰਸਤਾਵ ਸਟੇਟ ਜਨਰਲ ਸੈਕਟਰੀ ਨੂੰ ਭੇਜੇਗਾ

3.20 ਰਜਿਸਟਰਡ ਜ਼ਿਲ੍ਹਾ ਕੋਰ ਕਮੇਟੀ ਤੋਂ ਭਾਵ ਹੈ ਕਿ ਜ਼ਿਲ੍ਹੇ ਨੇ ਸਟੇਟ ਨੂੰ ਅਨਾਊਂਸ ਕੀਤਾ ਗਿਆ ਸਾਰਾ ਫੰਡ ਦੇ ਦਿੱਤਾ ਹੋਵੇ, ਐਕਸਲ ਸ਼ੀਟ ਜਮ੍ਹਾਂ ਕਰਵਾ ਦਿੱਤੀ ਹੋਵੇ ਸਟੇਟ ਜਨਰਲ ਸੈਕਟਰੀ ਨੂੰ ਅਤੇ ਸਟੇਟ ਨਾਲ ਸਾਰੇ LAB OWNER ਮੈਂਬਰਾਂ ਦੀ ਇੱਕ ਮੀਟਿੰਗ ਹੋ ਚੁੱਕੀ ਹੋਵੇ

3.21 **ਐਕਸਲ ਸ਼ੀਟ**:- ਐਕਸਲ ਸ਼ੀਟ ਤੋਂ ਭਾਵ ਹੈ ਕਿ ਹਰ ਜ਼ਿਲ੍ਹਾ ਅਤੇ ਬਲਾਕ ਕੋਰ ਕਮੇਟੀ ਦੀ ਜ਼ਿੰਮੇਦਾਰੀ ਹੈ ਕਿ ਉਹ ਸਟੇਟ ਜਨਰਲ ਸੈਕਟਰੀ ਨੂੰ ਸਾਰੇ LAB OWNER ਅਤੇ ਜਨਰਲ ਮੈਂਬਰਾਂ ਦੀ ਐਕਸਲ ਸ਼ੀਟ ਮੁਹੱਈਆ ਕਰਾਵੇ ਜਿਸ ਵਿੱਚ ਹੇਠ ਲਿਖੀ ਜਾਣਕਾਰੀ ਦਿੱਤੀ ਹੋਵੇ ਤਾਂ ਜੋ ਸਮੇਂ ਤੇ ਉਨ੍ਹਾਂ ਨੂੰ ਸਟੇਟ ਲੈਵਲ ਆਈਡੀ ਕਾਰਡ ਅਤੇ ਸਟੇਟ ਲੈਵਲ ਸਰਟੀਫਿਕੇਟ ਇਸ਼ੂ ਕੀਤਾ ਜਾ ਸਕੇ, ਇਸ ਐਕਸਲ ਸ਼ੀਟ ਦੀ ਵੈਰੀਫਿਕੇਸ਼ਨ ਬਲਾਕ ਪ੍ਰਧਾਨ, ਬਲਾਕ ਜਨਰਲ ਸੈਕਟਰੀ ਅਤੇ ਬਲਾਕ ਕੈਸ਼ੀਅਰ ਦੁਆਰਾ ਕੀਤੀ ਜਾਵੇਗੀ

NAME
FATHER NAME
LAB NAME & ADDRESS
DATE OF BIRTH
BLOOD GROUP
QUALIFICATION
PASSPORT SIZE PHOTO
MOBILE NUMBER

3.22 **ਆਡਿਟ ਰਿਪੋਰਟ**:- ਸਟੇਟ ਕੈਸ਼ੀਅਰ ਦੀ ਜ਼ਿੰਮੇਵਾਰੀ ਹੈ ਕਿ ਉਹ ਹਰ ਸਾਲ ਜ਼ਿਲ੍ਹਾ ਕੋਰ ਕਮੇਟੀ ਨੂੰ ਆਪਣੀ ਆਡਿਟ ਰਿਪੋਰਟ ਲਿਖਿਤ ਵਿੱਚ ਮੁਹੱਈਆ ਕਰਾਵੇ ਅਤੇ ਜ਼ਿਲ੍ਹਾ ਕੈਸ਼ੀਅਰ ਦੀ ਜ਼ਿੰਮੇਵਾਰੀ ਹੈ ਕਿ ਉਹ ਹਰ ਸਾਲ ਬਲਾਕ ਕੋਰ ਕਮੇਟੀ ਨੂੰ ਆਪਣੀ ਆਡਿਟ ਰਿਪੋਰਟ ਮੁਹੱਈਆ ਕਰਾਵੇ ਲਿਖਿਤ ਵਿੱਚ ਅਤੇ ਬਲਾਕ ਕੈਸ਼ੀਅਰ ਦੀ

ਆਡਿਟ ਰਿਪੋਰਟ ਜਾਰੀ ਕਰਦੇ ਵਕਤ ਸੰਬੰਧਿਤ ਕੋਰ ਕਮੇਟੀ ਦੇ ਤਿੰਨੋਂ ਮੈਂਬਰਾਂ ਦੇ ਦਸਤਖਤ ਹੋਣੇ ਜ਼ਰੂਰੀ ਹਨ
ਜ਼ਿਲ੍ਹਾ ਕੋਰ ਕਮੇਟੀ ਨੂੰ ਅਤੇ ਸਟੇਟ ਕੋਰ ਕਮੇਟੀ ਨੂੰ ਆਡਿਟ ਕਮੇਟੀ ਦਾ ਗਠਨ ਕਰਨਾ ਜ਼ਰੂਰੀ ਹੈ
ਆਡਿਟ ਕਮੇਟੀਆਂ ਆਡਿਟ ਰਿਪੋਰਟ ਨੂੰ ਜਾਂਚ ਕਰਨਗੀਆਂ ਅਤੇ ਉਸ ਨੂੰ ਪਾਸ ਸੰਬੰਧਿਤ ਜਨਰਲ ਹਾਊਸ ਦੁਆਰਾ ਕੀਤਾ ਜਾਏਗਾ

3.23 ਸਟੇਟ ਦੇ ਬੈਂਕ ਖਾਤੇ ਵਿੱਚੋਂ ਸਿਰਫ਼ ਸਟੇਟ ਕੋਰ ਕਮੇਟੀ ਆਪਣਾ ਖਰਚਾ ਕਰੇਗੀ ਜਾਂ ਫਿਰ ਉਸ ਵਿਅਕਤੀ ਦਾ ਖਰਚਾ ਦਿੱਤਾ ਜਾਵੇਗਾ ਜਿਸ ਦਾ ਖਰਚਾ ਸਟੇਟ ਕੋਰ ਕਮੇਟੀ ਨੇ ਆਪਣੇ ਬਹੁਮਤ ਨਾਲ ਦੇਣ ਵਾਸਤੇ ਪਾਸ ਕੀਤਾ ਹੋਵੇ

3.24 **ਬੈਂਕ ਖਾਤਾ**:- ਜ਼ਿਲ੍ਹਾ ਕੋਰ ਕਮੇਟੀ ਅਤੇ ਸਟੇਟ ਕੋਰ ਕਮੇਟੀ ਆਪਣਾ ਸਾਰਾ ਪੈਸਾ ਬੈਂਕ ਖਾਤੇ ਵਿੱਚ ਰੱਖੇਗੀ ਅਤੇ ਸਾਰਾ ਲੈਣ ਦੇਣ ਬੈਂਕ ਰਾਹੀਂ ਹੀ ਕਰੇਗੀ, ਬੈਂਕ ਖਾਤਾ ਕੋਰ ਕਮੇਟੀ ਦੇ ਤਿੰਨ ਮੈਂਬਰਾਂ ਜਾਨੀ ਪ੍ਰਧਾਨ, ਜਰਨਲ ਸੈਕਟਰੀ, ਕੈਸ਼ੀਅਰ ਦੇ ਨਾਮ ਉੱਤੇ ਖੁੱਲ੍ਹੇਗਾ ਅਤੇ ਪੈਸਾ ਕਿਸੀ ਵੀ ਤਿੰਨ ਵਿੱਚੋਂ ਦੋ ਮੈਂਬਰਾਂ ਦੇ ਸਾਈਨ ਉੱਤੇ ਨਿਕਲੇਗਾ

3.25 ਸਾਰੀ ਕਮੇਟੀਆਂ ਦੇ ਨਾਮੀਨੇਟਡ ਅਹੁਦਿਆਂ ਵਾਸਤੇ LAB OWNER ਮੈਂਬਰ ਨੂੰ ਆਪਣੇ ਸਬੰਧਿਤ ਬਲਾਕ ਤੋਂ ਹੇਠ ਲਿਖੀ ਐਨਓਸੀ (ਨੋ ਅਬਜੈਕਸ਼ਨ ਸਰਟੀਫਿਕੇਟ) NO OBJECTION CERTIFICATE ਲੈਣ ਦੇ ਲਈ ਕਿਹਾ ਜਾ ਸਕਦਾ ਹੈ ਉਸਦੇ ਬਲੌਕ ਦੁਆਰਾ ਜਾਂ ਅਹੁਦਾ ਦੇਣ ਵਾਲੀ ਕਮੇਟੀ ਦੁਆਰਾ ਜੋ ਕਿ ਇਸ ਪ੍ਰਕਾਰ ਹੋਵੇਗਾ:-

(i) ਕਿ ਮੈਂ ਕੋਈ ਵੀ ਚੈਰੀਟੇਬਲ ਲੈਬ ਨਹੀਂ ਚਲਾਉਂਦਾ ਜਾਂ ਆਪਣੀ ਲੈਬ ਤੇ ਰੇਟ ਨਹੀਂ ਖਰਾਬ ਕਰਦਾ, ਪਰ ਜੇਕਰ ਕਰਦਾ ਹਾਂ ਤਾਂ ਮੇਰੇ ਬਲਾਕ ਨੂੰ ਇਸ ਤੋਂ ਕੋਈ ਵੀ ਪ੍ਰਾਬਲਮ ਨਹੀਂ ਹੈ

(ii) ਕੀ ਮੈਂ ਕਿਸੇ ਵੀਕੰਪਨੀ / Lab ਦੀ ਕਿਸੇ ਵੀ ਤਰ੍ਹਾਂ ਦੀ ਰੇਟ ਲਿਸਟ ਜੈਮਿਲਾਪ ਦੇ ਰਜਿਸਟਰਡ ਲੈਬਾਂ ਤੋਂ ਇਲਾਵਾ ਕਿਸੇ ਨੂੰ ਨਹੀਂ ਦਿੰਦਾ ਅਤੇ

ਕਿਸੇ HOSPITAL / CHEMIST ਤੋਂ ਡਾਇਰੈਕਟ ਸੈਂਪਲ ਨਹੀਂ ਚੁੱਕਦਾ
ਹਾਸਪਿਟਲ ਤੋਂ ਡਾਇਰੈਕਟ ਸੈਂਪਲ ਤੋਂ ਭਾਵ ਹੈ ਕਿ ਉਸ ਨੂੰ Lab to Lab ਰੇਟ ਨਹੀਂ ਦੇਣਾ ਹੈ

(iii) ਮੇਰੀ ਰਿਪੋਰਟ ਉੱਤੇ ਮੈਂ ਲੈਬ ਟੈਕਨੀਸ਼ੀਅਨ ਖੁਦ ਸਾਈਨ ਕਰਦਾ ਹਾਂ ਜੇਕਰ ਮੇਰੀ ਲੈਬ ਉੱਤੇ ਪੈਥਾਲੋਜਿਸਟ ਜਾਂ ਡਾਕਟਰ ਸਾਈਨ ਕਰਦਾ ਹੈ ਤਾਂ ਮੇਰੇ ਬਲਾਕ ਨੂੰ ਕੋਈ ਪ੍ਰਾਬਲਮ ਨਹੀਂ ਹੈ

(iv) ਮੈਂ ਘੱਟ ਰੇਟ ਉੱਤੇ ਕੈਂਪ ਲਗਾਇਆ ਹੈ ਪਰ ਮੇਰੇ ਬਲਾਕ ਨੂੰ ਕੋਈ ਪ੍ਰਾਬਲਮ ਨਹੀਂ ਹੈ

ਇਸ ਤੋਂ ਬਾਅਦ ਹੀ LAB OWNER ਮੈਂਬਰ ਨਾਮੀਨੇਟਡ ਪੋਸਟ ਉੱਤੇ ਰਹਿ ਸਕਦਾ ਹੈ

3.26 ਕਿਸੇ ਵੀ ਇਲੈਕਟਿਡ ਪੋਸਟ ਉੱਤੇ ਚੁਣਾਵ ਤੋਂ ਪਹਿਲਾਂ ਇੱਕ ਮੀਟਿੰਗ ਘੱਟੋਂ ਘੱਟ ਸਰਵਸੰਮਤੀ ਵਾਸਤੇ ਜ਼ਰੂਰ ਕੀਤੀ ਜਾਵੇਗੀ, ਸਰਵਸੰਮਤੀ ਨਾ ਹੋਣ ਦੀ ਸੂਰਤ ਵਿੱਚ ਚੁਨਾਵ ਵਾਸਤੇ ਮੀਟਿੰਗ ਰੱਖੀ ਜਾਵੇਗੀ.
ਬਲਾਕ ਕੋਰ ਕਮੇਟੀ ਦੇ ਲਈ ਇਲੈਕਸ਼ਨ ਕਮੇਟੀ ਜ਼ਿਲ੍ਹਾ ਕੋਰ ਕਮੇਟੀ ਬਣਾਵੇਗੀ ਅਤੇ ਜ਼ਿਲ੍ਹਾ ਕੋਰ ਕਮੇਟੀ ਵਾਸਤੇ ਇਲੈਕਸ਼ਨ ਕਮੇਟੀ ਸਟੇਟ ਕੋਰ ਕਮੇਟੀ ਬਣਾਵੇਗੀ ਅਤੇ ਸਟੇਟ ਕੋਰ ਕਮੇਟੀ ਵਾਸਤੇ ਇਲੈਕਸ਼ਨ ਕਮੇਟੀ ਸਾਰੇ ਰਜਿਸਟਰਡ ਜ਼ਿਲ੍ਹਾ ਪ੍ਰਧਾਨ ਬਣਾਉਣਗੇ
ਬਣਾਈ ਗਈ ਇਲੈਕਸ਼ਨ ਕਮੇਟੀ ਉਸ ਇਲੈਕਸ਼ਨ ਤੋਂ ਬਾਅਦ ਹੀ ਖੁਦ ਬੈਂਕ ਖੁਦ ਭੰਗ ਹੋ ਜਾਵੇਗੀ

3.27 **<u>ਸਟੇਟ ਕਮੇਟੀਆਂ</u>**:- ਸਟੇਟ ਕੋਰ ਕਮੇਟੀ ਆਪਣੇ ਕੰਮਾਂ ਵਿੱਚ ਮਦਦ ਦੇ ਲਈ ਹੇਠ ਲਿਖੀਆਂ ਸਟੇਟ ਕਮੇਟੀਆਂ ਬਣਾਉਣੀਆਂ
ਸਿਰਫ ਸਟੇਟ ਆਡਿਟ ਕਮੇਟੀ ਇੰਡੀਪੈਂਡੈਂਟ ਰਹੇਗੀ ਬਾਕੀ ਸਾਰੀ ਕਮੇਟੀਆਂ ਸਟੇਟ ਕੋਰ ਕਮੇਟੀ ਦੇ ਨੀਚੇ ਕੰਮ ਕਰਨਗੀਆਂ

ਸਟੇਟ ਆਡਿਟ ਕਮੇਟੀ
ਸਟੇਟ ਕੌਂਸਲ ਕਮੇਟੀ
ਸਟੇਟ ਐਕਸ਼ਨ ਕਮੇਟੀ
ਸਟੇਟ ਫੈਮਿਲੀ ਵੈੱਲਫੇਅਰ ਕਮੇਟੀ
ਸਟੇਟ ਆਰਟੀਆਈ ਕਮੇਟੀ
ਸਟੇਟ ਡਾਟਾ ਕਮੇਟੀ
ਸਟੇਟ ਸਾਇੰਟੀਫਿਕ ਕਮੇਟੀ
ਸਟੇਟ ਬਲੱਡ ਡੋਨੇਸ਼ਨ ਕਮੇਟੀ
ਸਟੇਟ ਪੋਲੀਟੀਕਲ ਵਿੰਗ
ਸਟੇਟ ਸਟੂਡੈਂਟ ਵਿੰਗ
ਸਟੇਟ ਮਹਿਲਾ ਵਿੰਗ

3.28 ਕੋਈ ਵੀ ਬਲਾਕ, ਜ਼ਿਲ੍ਹਾ ਅਤੇ ਸਟੇਟ ਕੋਰ ਕਮੇਟੀ ਆਪਣੀ ਦਿੱਤੀ ਗਈ ਨਾਮੀਨੇਟਡ ਪੋਸਟ ਨੂੰ ਆਪਣੀ ਸਹੂਲਤ ਅਨੁਸਾਰ ਬਦਲ ਸਕਦੀ ਹੈ

3.29 **ਸ਼ਿਕਾਇਤ, ਗਰੀਵਿਅਸ**:-ਕਿਸੀ ਵੀ LAB OWNER, AHP ਮੈਂਬਰ ਦੀ ਸ਼ਿਕਾਇਤ ਦੇ ਮਸਲੇ ਉੱਤੇ ਸਭ ਤੋਂ ਪਹਿਲਾਂ ਸੰਬੰਧਿਤ ਬਲਾਕ ਕੋਰ ਕਮੇਟੀ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕਰੇਗੀ
ਮੈਂਬਰ ਦੀ ਤਸੱਲੀ ਨਾ ਹੋਣ ਤੇ ਜ਼ਿਲ੍ਹਾ ਕੋਰ ਕਮੇਟੀ ਨੂੰ ਮਾਮਲਾ ਸੌਂਪਿਆ ਜਾਏਗਾ ਇਸ ਤੋਂ ਬਾਅਦ ਸਟੇਟ ਕੋਰ ਕਮੇਟੀ
ਅਗਰ ਫਿਰ ਵੀ ਮਾਮਲਾ ਨਹੀਂ ਸੁਲਝਦਾ ਤਾਂ ਅੰਤਿਮ ਫ਼ੈਸਲਾ ਆਉਣ ਵਾਲੀ ਸਟੇਟ ਜਨਰਲ ਹਾਊਸ ਮੀਟਿੰਗ ਵਿੱਚ ਰੱਖਿਆ ਜਾਵੇਗਾ ਅਤੇ ਸਟੇਟ ਜਨਰਲ ਹਾਊਸ ਹੀ ਅੰਤਿਮ ਫੈਸਲਾ ਕਰੇਗਾ

3.30 ਬਲਾਕ ਕਮੇਟੀ ਦੇ ਕਿਸੀ ਘਾਟੇ ਦੇ ਲੀਏ ਜ਼ਿਲ੍ਹਾ ਕਮੇਟੀ ਜ਼ਿੰਮੇਦਾਰ ਨਹੀਂ ਹੋਵੇਗੀ ਔਰ ਜ਼ਿਲ੍ਹਾ ਕਮੇਟੀ ਦੇ ਕਿਸੇ ਘਾਟੇ ਦੇ ਲਈ ਸਟੇਟ ਕਮੇਟੀ ਜ਼ਿੰਮੇਵਾਰ ਨਹੀਂ ਹੋਵੇਗੀ

3.31 ਸੰਸਥਾ ਵਿੱਚ ਸਿਰਫ਼ ਇੱਕ ਸਟੇਟ ਲੈਵਲ ਸਰਟੀਫਿਕੇਟ ਅਤੇ ਸਟੇਟ ਲੈਵਲ ਆਈਡੀ ਕਾਰਡ ਦਿੱਤਾ ਜਾਵੇਗਾ, ਬਲਾਕ ਅਤੇ ਜ਼ਿਲ੍ਹਾ ਲੈਵਲ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ
ਸਟੇਟ ਲੈਵਲ ਸਰਟੀਫਿਕੇਟ ਅਤੇ ਆਈਡੀ ਕਾਰਡ ਉੱਤੇ ਸਟੇਟ ਪ੍ਰੈਜੀਡੈਂਟ, ਸਟੇਟ ਜਨਰਲ ਸੈਕਟਰੀ ਅਤੇ ਸੰਬੰਧਿਤ ਜ਼ਿਲ੍ਹਾ ਪ੍ਰਧਾਨ ਦੇ ਦਸਤਖ਼ਤ ਹੋਣਗੇ
ਸਟੇਟ ਲੈਵਲ ਸਰਟੀਫਿਕੇਟ ਅਤੇ ਆਈਡੀ ਕਾਰਡ ਉਸੀ ਸੂਰਤ ਵਿੱਚ ਇਸ਼ੂ ਕੀਤਾ ਜਾਵੇਗਾ ਅਗਰ ਮੈਂਬਰ ਦੀ ਕੋਈ ਪੇਮੈਂਟ ਡਿਊ ਨਾ ਹੋਵੇ

3.32 **ਅਸਤੀਫਾ, ਰੇਜੀਗਣੇਸ਼ਨ**:- ਬਲਾਕ ਕੋਰ ਕਮੇਟੀ ਵਿੱਚ ਜੇਕਰ ਕੋਈ ਮੈਂਬਰ ਅਸਤੀਫ਼ਾ ਦੇ ਦਿੰਦਾ ਹੈ ਤਾਂ ਜ਼ਿਲ੍ਹਾ ਕੋਰ ਕਮੇਟੀ ਆਪਣੇ ਬਹੁਮਤ ਨਾਲ ਤਿੰਨ ਮਹੀਨੇ ਦੇ ਲਈ ਉੱਥੇ ਕਾਰਜਕਾਰੀ ਕੋਰ ਕਮੇਟੀ ਮੈਂਬਰ ਬਣਾ ਸਕਦੀ ਹੈ ਪਰ ਇਨ੍ਹਾਂ ਤਿੰਨ ਮਹੀਨਿਆਂ ਦੇ ਅੰਦਰ ਜ਼ਿਲ੍ਹਾ ਕੋਰ ਕਮੇਟੀ ਦੀ ਜ਼ਿੰਮੇਦਾਰੀ ਹੋਵੇਗੀ ਕਿ ਉੱਥੇ ਅਸਤੀਫਾ ਦੇਣ ਵਾਲੇ ਦੀ ਜਗ੍ਹਾ ਨਵਾਂ ਮੈਂਬਰ ਦਾ ਚੁਨਾਵ ਯਾ ਸਰਵ ਸੰਮਤੀ ਹੋਵੇ

ਜ਼ਿਲ੍ਹਾ ਕੋਰ ਕਮੇਟੀ ਵਿੱਚ ਜੇਕਰ ਕੋਈ ਮੈਂਬਰ ਅਸਤੀਫ਼ਾ ਦੇ ਦਿੰਦਾ ਹੈ ਤਾਂ ਸਟੇਟ ਕੋਰ ਕਮੇਟੀ ਆਪਣੇ ਬਹੁਮਤ ਨਾਲ ਅਗਲੇ ਤਿੰਨ ਮਹੀਨੇ ਲਈ ਅਸਤੀਫਾ ਦੇਣ ਵਾਲੇ ਦੀ ਜਗ੍ਹਾ ਨਵਾਂ ਕਾਰਜਕਾਰੀ ਕੋਰ ਕਮੇਟੀ ਮੈਂਬਰ ਬਣਾ ਸਕਦੀ ਹੈ ਪਰ ਇਹ ਸਟੇਟ ਕੋਰ ਕਮੇਟੀ ਦੀ ਜ਼ਿੰਮੇਦਾਰੀ ਹੋਵੇਗੀ ਕੀ ਅਸਤੀਫਾ ਦੇਣ ਵਾਲੇ ਦੀ ਜਗ੍ਹਾ ਨਵੇਂ ਮੈਂਬਰ ਦਾ ਚੁਨਾਵ ਯਾ ਸਰਵ ਸੰਮਤੀ ਤਿੰਨ ਮਹੀਨੇ ਦੇ ਅੰਦਰ ਕਰਵਾਵੇ

ਜੇਕਰ ਸਟੇਟ ਕੋਰ ਕਮੇਟੀ ਵਿੱਚ ਕੋਈ ਮੈਂਬਰ ਅਸਤੀਫ਼ਾ ਦੇ ਦਿੰਦਾ ਹੈ ਤਾਂ ਪ੍ਰੋਟੋਕੋਲ ਇਸ ਪ੍ਰਕਾਰ ਰਹੇਗਾ
ਜੇਕਰ **ਸਟੇਟ ਕੈਸ਼ੀਅਰ** ਅਸਤੀਫਾ ਦਿੰਦੇ ਹਨ ਤਾਂ ਅਗਲੇ ਤਿੰਨ ਮਹੀਨੇ ਲਈ ਸਟੇਟ ਪ੍ਰਧਾਨ ਅਤੇ ਸਟੇਟ ਜਨਰਲ ਸੈਕਟਰੀ ਹੀ ਸਾਰਾ ਕੰਮ ਦੇਖਣਗੇ ਪਰ ਇਹ ਉਨ੍ਹਾਂ ਦੀ ਜ਼ਿੰਮੇਵਾਰੀ

ਹੋਵੇਗੀ ਕਿ ਉਹ ਤਿੰਨ ਮਹੀਨੇ ਦੇ ਅੰਦਰ ਨਵਾਂ ਸਟੇਟ ਕੈਸ਼ੀਅਰ ਦਾ ਚੁਨਾਵ ਜਾਂ ਸਰਵਸੰਮਤੀ ਕਰਵਾਉਣ

ਜੇਕਰ **ਸਟੇਟ ਜਨਰਲ ਸੈਕਟਰੀ** ਅਸਤੀਫਾ ਦਿੰਦੇ ਹਨ ਤਾਂ ਅਗਲੇ ਤਿੰਨ ਮਹੀਨੇ ਲਈ ਸਟੇਟ ਪ੍ਰਧਾਨ ਅਤੇ ਸਟੇਟ ਕੈਸ਼ੀਅਰ ਹੀ ਸਾਰਾ ਕੰਮ ਦੇਖਣਗੇ ਪਰ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਤਿੰਨ ਮਹੀਨੇ ਦੇ ਅੰਦਰ ਨਵੇਂ ਸਟੇਟ ਜਨਰਲ ਸੈਕਟਰੀ ਦਾ ਚੁਨਾਵ ਜਾਂ ਸਰਵਸੰਮਤੀ ਕਰਵਾਉਣ

ਜੇਕਰ **ਸਟੇਟ ਪ੍ਰਧਾਨ** ਅਸਤੀਫਾ ਦਿੰਦੇ ਹਨ ਤਾਂ ਅਗਲੇ ਤਿੰਨ ਮਹੀਨੇ ਲਈ **ਸਟੇਟ ਜਨਰਲ ਸੈਕਟਰੀ** ਅਤੇ ਸਟੇਟ ਕੈਸ਼ੀਅਰ ਹੀ ਸਾਰਾ ਕੰਮ ਦੇਖਣਗੇ ਪਰ ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਤਿੰਨ ਮਹੀਨੇ ਦੇ ਅੰਦਰ ਨਵੇਂ **ਸਟੇਟ ਪ੍ਰਧਾਨ** ਦਾ ਚੁਨਾਵ ਜਾਂ ਸਰਵਸੰਮਤੀ ਕਰਵਾਉਣ

ਸਟੇਟ ਕੋਰ ਕਮੇਟੀ ਵਿੱਚੋਂ ਤਿੰਨ ਮੈਂਬਰ ਅਸਤੀਫਾ ਦਿੰਦੇ ਹਨ ਤਾਂ ਸਾਰੀ ਸਟੇਟ ਕੋਰ ਕਮੇਟੀ ਭੰਗ ਮੰਨੀ ਜਾਵੇਗੀ ਅਤੇ ਉਨ੍ਹਾਂ ਦੁਆਰਾ ਬਣਾਈਆਂ ਗਈਆਂ ਸਾਰੀਆਂ ਕਮੇਟੀਆਂ ਅਤੇ ਨਾਮੀਨੇਟਡ ਪੋਸਟਾਂ ਭੰਗ ਮੰਨੀਆਂ ਜਾਣਗੀਆਂ
ਅਜਿਹੇ ਵਿੱਚ ਸਟੇਟ ਜਨਰਲ ਹਾਊਸ ਸਭ ਤੋਂ ਸਰਵ ਸ਼ਕਤੀਮਾਨ ਮੰਨਿਆ ਜਾਵੇਗਾ ਅਤੇ ਉਸ ਕੋਲ ਸਾਰੇ ਅਧਿਕਾਰ ਹੋਣਗੇ ਅਤੇ ਉਹ ਅਗਲੀ ਸਟੇਟ ਕੋਰ ਕਮੇਟੀ ਦਾ ਚੁਨਾਵ ਜਾਂ ਸਰਬਸੰਮਤੀ ਦੀ ਵਿਵਸਥਾ ਕਰਨਗੇ

ਇਸ ਦੌਰਾਨ ਨਵੀਂ ਸਟੇਟ ਕੋਰ ਕਮੇਟੀ ਜਦ ਤੱਕ ਨਹੀਂ ਚੁਣੀ ਜਾਂਦੀ ਤਦ ਤੱਕ ਕਿਉਂਕਿ ਬੈਂਕ ਖਾਤਾ ਅਤੇ ਹੋਰ ਡਾਕੂਮੈਂਟ ਕਿਉਂਕਿ ਪੁਰਾਣੀ ਸਟੇਟ ਕੋਰ ਕਮੇਟੀ ਕੋਲ ਹੀ ਹੋਣਗੇ ਤਾਂ ਉਹ ਸਿਰਫ ਕੇਅਰ ਟੇਕਰਕੋਰ ਕਮੇਟੀ  ਬਣ ਕੇ ਰਹੇਗੀ ਜਿਸ ਕੋਲ ਫੈਸਲਾ ਲੈਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ

3.33 ਇੱਕ ਵਾਰ ਆਡਿਟ ਕਮੇਟੀ ਦਾ ਗਠਨ ਹੋਣ ਤੋਂ ਬਾਅਦ ਉਸ ਨੂੰ ਸੰਬੰਧਿਤ ਜਨਰਲ ਹਾਊਸ ਦੁਬਾਰਾ ਹੀ ਹਟਾਇਆ ਜਾ ਬਦਲਿਆ ਜਾ ਸਕਦਾ ਹੈ

3.34 ਕਿਸੇ ਵੀ ਤਰ੍ਹਾਂ ਦਾ **ਫੈਮਿਲੀ ਵੈੱਲਫੇਅਰ ਪ੍ਰੋਗਰਾਮ** ਜਿਸ ਵਿੱਚ ਕਿਸੇ ਮੈਂਬਰ ਦੀ ਬਿਮਾਰੀ, ਦੁਰਘਟਨਾ ਹੋਣਾ ਜਾਂ ਮੈਂਬਰ ਦਾ ਦੇਹਾਂਤ ਹੋਣਾ ਸ਼ਾਮਿਲ ਹੈ ਅਤੇ ਸੰਸਥਾ ਨੂੰ ਲੱਗਦਾ ਹੈ ਕਿ ਉਸ ਨੂੰ ਮਦਦ ਦੇਣੀ ਚਾਹੀਦੀ ਹੈ, ਤਾਂ ਇਸ ਦਾ ਅਧਿਕਾਰ ਸਟੇਟ ਜਨਰਲ ਹਾਊਸ ਕੋਲ ਹੋਵੇਗਾ ਕਿ ਮਦਦ ਅਗਰ ਦੇਣੀ ਹੈ ਤਾਂ ਕਿੰਨੀ ਦੇਣੀ ਹੈ ਔਰ ਕਿਵੇਂ ਇਕੱਠੀ ਕਰਨੀ ਹੈ ਇਸ ਦਾ ਪ੍ਰਸਤਾਵ ਸੰਬੰਧਿਤ ਬਲਾਕ ਪ੍ਰਧਾਨ ਜਾ ਜ਼ਿਲ੍ਹਾ ਪ੍ਰਧਾਨ ਆਉਣ ਵਾਲੀ ਸਟੇਟ ਜਨਰਲ ਹਾਊਸ ਮੀਟਿੰਗ ਵਿੱਚ ਰੱਖਣਗੇ, ਜ਼ਿਲ੍ਹਿਆਂ ਤੋਂ ਕਿਸੇ ਵੀ ਤਰ੍ਹਾਂ ਦੀ ਇਕੱਠੀ ਕੀਤੇ ਜਾਣ ਵਾਲੀ ਰਾਸ਼ੀ ਸਟੇਟ ਬੈਂਕ ਖਾਤੇ ਵਿੱਚ ਹੀ ਇਕੱਠੀ ਕੀਤੀ ਜਾਵੇਗੀ

3.35 ਜੋ ਮਿਲਾਪ ਪੰਜਾਬ ਦਾ ਮੈਂਬਰ ਬਣਨ ਤੋਂ ਪਹਿਲਾਂ ਇਸ ਤਰ੍ਹਾਂ ਕਿਸੇ ਵੀ ਪੰਜਾਬ OR INDIA ਲੈਵਲ ਦੂਸਰੀ ਐਸੋਸੀਏਸ਼ਨ ਮੈਂਬਰ ਤੋਂ ਅਸਤੀਫਾ ਦੇਣਾ ਪਵੇਗਾ ਪਰ ਜੇਕਰ ਕੋਈ ਜ਼ਿਲ੍ਹਾ ਐਸੋਸੀਏਸ਼ਨ ਪਹਿਲਾਂ ਤੋਂ ਸਟੇਟ ਲੈਵਲ ਰਜਿਸਟਰਡ ਹੈ ਤਾਂ ਉਹ ਸਟੇਟ ਜਨਰਲ ਹਾਊਸ ਨੂੰ ਇਸ ਦੀ ਜਾਣਕਾਰੀ ਦੇ ਕੇ ਸਟੇਟ ਜਨਰਲ ਹਾਊਸ ਤੋਂ ਇਸ ਦੀ ਪਰਮਿਸ਼ਨ ਲੈ ਸਕਦੀ ਹੈ ਫਿਰ ਉਹ ਜ਼ਿਲ੍ਹਾ ਐਸੋਸੀਏਸ਼ਨ ਉਸ ਰਜਿਸਟ੍ਰੇਸ਼ਨ ਦੇ ਨਾਲ ਜ਼ਿਲ੍ਹੇ ਵਿੱਚ ਤਾਂ ਕੰਮ ਕਰ ਸਕਦੀ ਹੈ ਪਰ ਕੋਈ ਸਟੇਟ OR NATIONAL ਲੈਵਲ ਗਤੀਵਿਧੀ ਨਹੀਂ ਕਰੇਗੀ

3.36 ਸਟੇਟ ਕੋਰ ਕਮੇਟੀ ਨੂੰ ਆਪਣਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਘੱਟੋ ਘੱਟ ਚਾਰ ਮਹੀਨੇ ਪਹਿਲਾਂ ਬਲਾਕ ਦਾ ਚੁਣਾਵ ਦੀ ਅਨਾਊਂਸਮੈਂਟ ਅਤੇ ਦੋ ਮਹੀਨੇ ਪਹਿਲਾਂ ਜ਼ਿਲ੍ਹਾ ਚੁਨਾਵ ਦੀ ਅਨਾਊਂਸਮੈਂਟ ਕਰਨਾ ਜ਼ਰੂਰੀ ਹੋਵੇਗਾ
ਬਲਾਕ ਅਤੇ ਜ਼ਿਲ੍ਹਾ ਨੂੰ ਅਨਾਊਂਸਮੈਂਟ ਤਿਥੀ ਤੋਂ ਇੱਕ ਮਹੀਨੇ ਦੇ ਅੰਦਰ ਚੁਨਾਵ ਜਾ ਸਰਬਸੰਮਤੀ ਕਰਵਾਉਣਾ ਜ਼ਰੂਰੀ ਹੋਵੇਗਾ
ਅਨਾਊਂਸਮੈਂਟ ਤੋਂ ਇੱਕ ਮਹੀਨਾ ਬਾਅਦ ਚੁਨਾਵ ਜਾਂ ਸਰਵਸੰਮਤੀ ਨਾ ਕਰਵਾਉਣ ਵਾਲਾ ਬਲਾਕ ਅਤੇ ਜ਼ਿਲ੍ਹਾ ਸਟੇਟ ਇਲੈਕਸ਼ਨ ਵਿੱਚ ਸ਼ਾਮਿਲ ਨਹੀਂ ਹੋ ਸਕੇਗਾ

ਸਿਰਫ ਸਟੇਟ ਕੋਰ ਕਮੇਟੀ ਆਪਣੇ ਬਹੁਮਤ ਨਾਲ ਜ਼ਰੂਰਤ ਪੈਣ ਉੱਤੇ ਇਸ ਵਿਚ ਵਾਧਾ ਕਰ ਸਕਦੀ ਹੈ

3.37 ਇੱਕ ਮੈਂਬਰ ਕੋਈ ਇੱਕ ਹੀ ਬਲਾਕ, ਜ਼ਿਲ੍ਹਾ ਅਤੇ ਸਟੇਟ ਦੀ ਇਲੈਕਟਿਡ ਪੋਸਟ ਆਪਣੇ ਕੋਲ ਰੱਖ ਸਕਦਾ ਹੈ

3.38 ਜੇਕਰ ਕਿਸੇ ਮੈਂਬਰ ਦੀ ਇੱਕ ਤੋਂ ਜ਼ਿਆਦਾ ਬਲਾਕ ਜਾਂ ਜ਼ਿਲ੍ਹਿਆਂ ਵਿੱਚ ਲੈਬਾਰਟਰੀਆਂ ਹਨ ਤਾਂ ਉਹਨੂੰ ਹਰ ਬਲਾਕ ਦੀ ਮੈਂਬਰਸ਼ਿਪ ਅਲੱਗ ਲੈਣੀ ਪਵੇਗੀ

3.39 ਕੋਈ ਵੀ ਮੈਂਬਰ ਜਾਂ ਬਲਾਕ ਸਿੱਧਾ ਸਟੇਟ ਨਾਲ ਨਹੀਂ ਜੁੜ ਸਕਦੇ ਜੇਕਰ ਇਹ ਅਜਿਹੀ ਜ਼ਰੂਰਤ ਪੈਂਦੀ ਹੈ ਤਾਂ ਸਟੇਟ ਕੋਰ ਕਮੇਟੀ ਨੂੰ ਇਹ ਏਜੰਡਾ ਮਤਾ ਸਟੇਟ ਜਨਰਲ ਹਾਊਸ ਤੋਂ ਪਾਸ ਕਰਵਾਉਣਾ ਜ਼ਰੂਰੀ ਹੋਵੇਗਾ

3.40 **ਬਹੁਮਤ ਤੋਂ ਭਾਵ**:- ਬਲਾਕ ਦੇ ਬਹੁਮਤ ਤੋਂ ਭਾਵ ਹੈ ਬਲਾਕ ਵਿੱਚ ਆਉਂਦੇ ਸਾਰੇ LAB OWNER ਮੈਂਬਰਾਂ ਦਾ ਦੋ ਤਿਹਾਈ ਬਹੁਮਤ, ਜ਼ਿਲ੍ਹੇ ਦੇ ਬਹੁਮਤ ਤੋਂ ਭਾਵ ਹੈ ਜ਼ਿਲ੍ਹਾ ਜਨਰਲ ਹਾਊਸ ਦੇ ਦੋ ਤਿਹਾਈ ਬਹੁਮਤ, ਸਟੇਟ ਦੇ ਬਹੁਮਤ ਤੋਂ ਭਾਵ ਹੈ ਸਟੇਟ ਜਨਰਲ ਹਾਊਸ ਦਾ ਦੋ ਤਿਹਾਈ ਬਹੁਮਤ, ਕਿਸੇ ਵੀ ਬਲਾਕ, ਜ਼ਿਲ੍ਹਾ, ਸਟੇਟ ਕੋਰ ਕਮੇਟੀ ਬਹੁਮਤ ਤੋਂ ਭਾਵ ਹੈ ਕੋਈ ਵੀ ਦੋ ਮੈਂਬਰਾਂ ਦਾ ਬਹੁਮਤ ਕੁੱਲ ਤਿੰਨ ਮੈਂਬਰਾਂ ਵਿੱਚੋਂ ਉਦਾਹਰਨ ਦੇ ਤੌਰ ਤੇ ਜੇਕਰ ਕੋਰ ਕਮੇਟੀ ਵਿੱਚ ਜਨਰਲ ਸਕੱਤਰ ਅਤੇ ਕੈਸ਼ੀਅਰ ਕਿਸੇ ਗੱਲ ਤੋਂ ਸਹਿਮਤ ਹਨ ਅਤੇ ਪ੍ਰਧਾਨ ਖੁਦ ਅਸਹਿਮਤ ਹੈ ਤਾਂ ਬਹੁਮਤ ਜਨਰਲ ਸਕੱਤਰ ਔਰ ਕੈਸ਼ੀਅਰ ਦਾ ਮੰਨਿਆ ਜਾਵੇਗਾ

3.41 ਕਿਸੇ ਵੀ ਆਪਾਤ ਸਥਿਤੀ ਵਿੱਚ ਮੈਂਬਰਾਂ ਤੋਂ ਪੈਸਾ ਇਕੱਠਾ ਕਰਨ ਤੋਂ ਪਹਿਲਾਂ ਸਟੇਟ ਜਨਰਲ ਹਾਊਸ ਦਾ ਬਹੁਮਤ ਹੋਣਾ ਜ਼ਰੂਰੀ ਹੈ

3.42 **ਰੇਟ ਲਿਸਟ**:- ਰੇਟ ਲਿਸਟ ਸਿਰਫ਼ ਬਲਾਕ ਲੈਵਲ ਤੇ ਇਸ਼ੂ ਕੀਤੀ ਜਾਵੇਗੀ ਇੱਕ ਵਾਰ ਬਹੁਮਤ ਨਾਲ ਪਾਸ ਕੀਤੀ ਰੇਟ ਲਿਸਟ ਨੂੰ ਮੰਨਣਾ ਹਰ ਮੈਂਬਰ ਦੀ ਜ਼ਿੰਮੇਵਾਰੀ ਹੋਵੇਗੀ

3.43 ਸਟੇਟ ਜਨਰਲ ਹਾਊਸ ਦੁਆਰਾ ਪਾਸ ਕੀਤਾ ਗਿਆ ਕੋਈ ਵੀ ਫੰਡ ਹਰ ਜ਼ਿਲ੍ਹੇ ਨੂੰ 15 ਦਿਨ ਦੇ ਅੰਦਰ ਸਟੇਟ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੋਵੇਗਾ

3.44 ਬਲਾਕ ਨੂੰ ਮਾਨਤਾ ਉਦੋਂ ਹੀ ਮਿਲ ਸਕਦੀ ਹੈ ਜਦੋਂ ਉਸ ਕੋਲ ਘੱਟੋ ਘੱਟ 50% ਮੈਂਬਰਾਂ ਦਾ ਸਮਰਥਨ ਹੋਵੇ, ਜ਼ਿਲ੍ਹਾ ਕੋਰ ਕਮੇਟੀ ਨੂੰ ਉਦੋਂ ਹੀ ਮਾਨਤਾ ਮਿਲ ਸਕਦੀ ਹੈ ਜਦੋਂ ਉਸ ਕੋਲ ਘੱਟੋ ਘੱਟ 50% Blocks ਦਾ ਸਮਰਥਨ ਹੋਵੇ, ਸਟੇਟ ਕੋਰ ਕਮੇਟੀ ਨੂੰ ਉਦੋਂ ਹੀ ਮਾਨਤਾ ਮਿਲ ਸਕਦੀ ਹੈ ਜਦੋਂ ਉਸ ਕੋਲ ਘੱਟੋ ਘੱਟ 50% ਜ਼ਿਲ੍ਹਿਆਂ ਦਾ ਸਮਰਥਨ ਹੋਵੇ

4.0 **<u>ਸਟੇਟ ਪ੍ਰਧਾਨ</u>**:- (i) ਸਟੇਟ ਪ੍ਰਧਾਨ ਸੰਸਥਾ ਦਾ ਮੁਖੀ ਹੋਵੇਗਾ

(ii) ਸਟੇਟ ਪ੍ਰਧਾਨ ਸਾਰੀਆਂ ਐਗਜੈਕਟਿਵ ਬਾਡੀ, ਸਟੇਟ ਜਨਰਲ ਹਾਊਸ, ਸਟੇਟ ਅਸੈਂਬਲੀ ਮੀਟਿੰਗ, ਸਟੇਟ ਪਾਰਲੀਮੈਂਟ ਮੀਟਿੰਗ ਅਤੇ ਸਰਕਾਰ ਨਾਲ ਹੋਣ ਵਾਲੀ ਮੀਟਿੰਗਾਂ ਦੀ ਪ੍ਰਧਾਨਗੀ ਕਰੇਗਾ

(iv) ਸਟੇਟ ਪ੍ਰਧਾਨ ਜ਼ਰੂਰਤ ਪੈਣ ਤੇ ਸੰਸਥਾ ਦੇ ਲਈ ਕਿਸੇ ਕਰਮਚਾਰੀ ਨੂੰ ਵੀ ਰੱਖ ਸਕਦਾ ਹੈ

(v) ਸਟੇਟ ਪ੍ਰਧਾਨ ਸਾਲ ਵਿੱਚ ਘੱਟੋ ਘੱਟ ਇੱਕ ਵਾਰੀ ਸਟੇਟ ਜਨਰਲ ਹਾਊਸ ਦੀ ਮੀਟਿੰਗ ਅਤੇ ਦੋ ਸਾਲ ਵਿੱਚ ਇੱਕ ਵਾਰੀ ਸਟੇਟ ਅਸੈਂਬਲੀ ਮੀਟਿੰਗ ਜ਼ਰੂਰ ਬੁਲਾਏਗਾ ਪਰ ਜ਼ਰੂਰਤ ਅਨੁਸਾਰ ਮੀਟਿੰਗ ਘਟਾਈ ਜਾਂ ਵਧਾਈ ਜਾ ਸਕਦੀਆਂ ਹਨ

4.01 **<u>ਸਟੇਟ ਜਨਰਲ ਸਕੱਤਰ</u>**:-

(i) ਸਟੇਟ ਜਨਰਲ ਸਕੱਤਰ ਐਗਜੈਕਟਿਵ ਕਮੇਟੀ ਦਾ ਮੁਖੀਆ ਹੋਵੇਗਾ

(ii) ਐਸੋਸੀਏਸ਼ਨ ਦੇ ਸਾਰੇ ਕੰਮਾਂ ਨੂੰ ਅਮਲੀ ਰੂਪ ਦੇਵੇਗਾ

(iii) ਐਸੋਸੀਏਸ਼ਨ ਦੇ ਸਾਰੇ ਰਿਕਾਰਡ, ਰਜਿਸਟਰ, WhatsApp Group, Email ਦੀ ਦੇਖਭਾਲ ਕਰੇਗਾ

(iv) ਐਸੋਸੀਏਸ਼ਨ ਦੇ ਸਾਰੇ ਏਜੰਡਿਆਂ, ਮਤਿਆਂ ਨੂੰ ਮਨਜ਼ੂਰੀ ਸਟੇਟ ਜਨਰਲ ਸਕੱਤਰ ਦੇ ਦਸਤਖਤ ਨਾਲ ਮਿਲੇਗੀ

4.02 **ਸਟੇਟ ਕੈਸ਼ੀਅਰ**:- ਸਟੇਟ ਕੈਸ਼ੀਅਰ ਐਸੋਸੀਏਸ਼ਨ ਨੂੰ ਹਾਸਿਲ ਹੋਣ ਵਾਲੀ ਸਾਰੇ ਫੰਡ ਦਾ ਹਿਸਾਬ ਕਿਤਾਬ ਰੱਖੇਗਾ ਅਤੇ ਸਟੇਟ ਆਡਿਟ ਕਮੇਟੀ ਨੂੰ ਜਵਾਬ ਦੇਹ ਹੋਵੇਗਾ

4.03 **ਜ਼ਿਲ੍ਹਾ ਪ੍ਰਧਾਨ**:- ਜ਼ਿਲ੍ਹਾ ਪ੍ਰਧਾਨ ਜ਼ਿਲ੍ਹਾ ਬਾਡੀ ਦਾ ਮੁੱਖਿਆ ਹੋਵੇਗਾ
ਜ਼ਿਲ੍ਹਾ ਪ੍ਰਧਾਨ ਸਾਲ ਵਿੱਚ ਇੱਕ ਮੀਟਿੰਗ ਜ਼ਿਲ੍ਹਾ ਅਸੈਂਬਲੀ ਮੀਟਿੰਗ ਦੀ ਜ਼ਰੂਰ ਬੁਲਾਏਗਾ ਜਿਸ ਵਿੱਚ ਉਹ ਸਟੇਟ ਕੋਰ ਕਮੇਟੀ ਨੂੰ ਵੀ ਬੁਲਾਏਗਾ

4.04 **ਜ਼ਿਲ੍ਹਾ ਜਨਰਲ ਸਕੱਤਰ**:- ਜ਼ਿਲ੍ਹਾ ਜਨਰਲ ਸਕੱਤਰ ਜ਼ਿਲ੍ਹਾ ਐਗਜ਼ੈਕਟਿਵ ਕਮੇਟੀ ਦਾ ਮੁਖੀ ਹੋਵੇਗਾ
ਜ਼ਿਲ੍ਹੇ ਦੇ ਸਾਰੇ ਕੰਮਾਂ ਨੂੰ ਅਮਲੀ ਰੂਪ ਦੇਵੇਗਾ ਜ਼ਿਲ੍ਹੇ ਦੇ ਸਾਰੇ ਰਿਕਾਰਡ ਅਤੇ ਰਜਿਸਟਰ ਦੀ ਦੇਖਭਾਲ ਕਰੇਗਾ
ਜ਼ਿਲ੍ਹੇ ਦੀ LAB OWNER ਅਤੇ AHP ਮੈਂਬਰਸ਼ਿਪ ਐਕਸਲ ਸ਼ੀਟ ਸਟੇਟ ਨੂੰ ਮੁਹੱਈਆ ਕਰਵਾਏਗਾ

4.05 **ਜ਼ਿਲ੍ਹਾ ਕੈਸ਼ੀਅਰ**:- ਜ਼ਿਲ੍ਹਾ ਕੈਸ਼ੀਅਰ ਬਲਾਕ ਤੋਂ ਆਉਣ ਵਾਲੀ ਸਾਰੇ ਫੰਡ ਦਾ ਹਿਸਾਬ ਕਿਤਾਬ ਰੱਖੇਗਾ ਅਤੇ ਜ਼ਿਲ੍ਹਾ ਆਡਿਟ ਕਮੇਟੀ ਨੂੰ ਜਵਾਬ ਦੇਹ ਹੋਵੇਗਾ

4.06 **ਬਲਾਕ ਪ੍ਰਧਾਨ**:- ਬਲਾਕ ਪ੍ਰਧਾਨ ਬਲਾਕ ਦਾ ਮੁੱਖੀਆ ਹੋਵੇਗਾ
ਬਲਾਕ ਪ੍ਰਧਾਨ ਸਾਲ ਵਿੱਚ ਇੱਕ ਮੀਟਿੰਗ ਸਾਰੇ LAB OWNER ਮੈਂਬਰ ਦੀ ਜ਼ਰੂਰ ਕਰੇਗਾ ਜਿਸ ਵਿੱਚ ਉਹ ਜ਼ਿਲ੍ਹਾ ਬਾਡੀ ਨੂੰ ਜ਼ਰੂਰ ਬੁਲਾਏਗਾ

4.07 **ਬਲਾਕ ਜਨਰਲ ਸੈਕਟਰੀ**:- ਬਲਾਕ ਜਨਰਲ ਸੈਕਟਰੀ ਬਲਾਕ ਦੇ ਸਾਰੇ ਕੰਮਾਂ ਨੂੰ ਅਮਲੀ ਰੂਪ ਦੇਵੇਗੀ ਬਲਾਕ ਦੇ ਸਾਰੇ ਰਿਕਾਰਡ ਅਤੇ ਰਜਿਸਟਰ ਦੀ ਦੇਖਭਾਲ ਕਰੇਗਾ

ਬਲਾਕ ਦੀ LAB OWNER ਅਤੇ AHP ਮੈਂਬਰਸ਼ਿਪ ਐਕਸਲ ਸ਼ੀਟ ਜ਼ਿਲ੍ਹਾ ਜਨਰਲ ਸਕੱਤਰ ਨੂੰ ਮੁਹੱਈਆ ਕਰਵਾਏਗਾ

4.08 **ਬਲਾਕ ਕੈਸ਼ੀਅਰ**:- ਬਲਾਕ ਕੈਸ਼ੀਅਰ ਸਾਰੇ ਬਲਾਕ ਦੇ ਮੈਂਬਰਾਂ ਤੋਂ ਆਉਣ ਵਾਲੀ ਫੰਡ ਦਾ ਹਿਸਾਬ ਕਿਤਾਬ ਰੱਖੇਗਾ ਅਤੇ ਸਾਰੇ ਮੈਂਬਰਾਂ ਨੂੰ ਸਾਲ ਵਿੱਚ ਇੱਕ ਵਾਰ ਆਡਿਟ ਰਿਪੋਰਟ ਲਿਖਤੀ ਦੇਵੇਗਾ

4.09 **ਚੇਅਰਮੈਨ, ਚੀਫ ਪੈਟਰਨ, ਚੀਫ ਐਡਵਾਈਜ਼ਰ, National Coordinator** ਇਹ ਸਭ ਅਹੁਦੇਦਾਰ ਸੰਸਥਾ ਵਿੱਚ ਸੀਨੀਅਰ ਮੰਨੇ ਜਾਣਗੇ, ਇਹ ਸਭ ਅਹੁਦੇਦਾਰ ਆਪਣੀ ਇਕਾਈ ਵਿੱਚ ਕਿਸੇ ਵੀ ਕੋਰ ਕਮੇਟੀ ਮੈਂਬਰ ਨੂੰ ਸਲਾਹ ਦੇ ਸਕਦੇ ਹਨ ਅਤੇ ਕਿਸੇ ਵੀ ਕੰਮ ਦੀ ਜਾਣਕਾਰੀ ਲੈ ਸਕਦੇ ਹਨ

4.10 **ਨੈਸ਼ਨਲ ਕੋਆਰਡੀਨੇਟਰ** ਨੈਸ਼ਨਲ ਲੈਵਲ ਤੇ ਨੈਸ਼ਨਲ ਇਕਾਈ ਅਤੇ ਸਟੇਟ ਇਕਾਈ ਦੇ ਵਿੱਚ ਪੁਲ ਦਾ ਕੰਮ ਕਰੇਗਾ ਅਤੇ ਸਟੇਟ ਦੀ ਆਵਾਜ਼ ਨੂੰ ਨੈਸ਼ਨਲ ਫਰੰਟ ਤੱਕ ਪਹੁੰਚਾਵੇਗਾ ਅਤੇ ਨੈਸ਼ਨਲ ਦੀ ਨੀਤੀਆਂ ਨੂੰ ਸਟੇਟ ਤੱਕ ਪਹੁੰਚਾਵੇਗਾ

4.11 **ਜੁਆਇੰਟ ਕੈਸ਼ੀਅਰ** ਮੁੱਖ ਕੈਸ਼ੀਅਰ ਨੂੰ ਉਹਦੇ ਕੰਮਾਂ ਵਿੱਚ ਮਦਦ ਪ੍ਰਦਾਨ ਕਰੇਗਾ

4.12 **ਜੁਆਇੰਟ ਸੈਕਟਰੀ** ਜਨਰਲ ਸੈਕਟਰੀ ਨੂੰ ਉਹਦੇ ਕੰਮਾਂ ਵਿੱਚ ਮਦਦ ਦੇਵੇਗਾ

4.13 **ਪ੍ਰੈੱਸ ਸੈਕਟਰੀ** ਮੀਡੀਆ ਨਾਲ ਜੁੜੀ ਖਬਰ ਉਸ ਇਕਾਈ ਦੇ ਪ੍ਰੈੱਸ ਸੈਕਟਰੀ ਦੁਆਰਾ ਹੀ ਦਿੱਤੀ ਜਾਵੇਗੀ, ਖਬਰ ਕੀ ਦੇਣੀ ਹੈ ਇਸ ਦਾ ਫੈਸਲਾ ਸੰਬੰਧਿਤ ਇਕਾਈ ਦਾ ਪ੍ਰਧਾਨ ਕਰੇਗਾ

4.14 **ORGANISER SECRETARY**:-ਕਿਸੇ ਵੀ ਇਕਾਈ ਦੀ ਮੀਟਿੰਗ ਦੇ ਪ੍ਰਬੰਧ ਵਿੱਚ ਉੱਥੇ ਦਾ ਆਰਗੇਨਾਈਜ਼ਰ ਸੈਕਟਰੀ ਉਸ ਇਕਾਈ ਦੀ ਕੋਰ ਕਮੇਟੀ ਦੀ ਮਦਦ ਕਰੇਗਾ

4.15 **PUBLIC RELATION OFFICER (PRO)** ਸੰਸਥਾ ਦੀ ਨੀਤੀਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਵਿੱਚ ਕੋਰ ਕਮੇਟੀ ਦੀ ਮੱਦਦ ਉਸ ਇਕਾਈ ਦਾ PRO ਕਰੇਗਾ

4.16 **SPOKESPERSON** ਸੰਬੰਧਿਤ ਇਕਾਈ ਦਾ ਪ੍ਰਧਾਨ ਆਪਣੀ ਆਵਾਜ਼ ਸਭ ਤੱਕ ਪਹੁੰਚਾਉਣ ਦੇ ਲਈ ਸਪੋਕਸ ਪਰਸਨ ਦੀ ਮਦਦ ਲਵੇਗਾ

## ARTICLE 5.0 ਚੁਣਾਵ, ਇਲੈਕਸ਼ਨ ਪ੍ਰੋਟੋਕਾਲ:-

ਜੇਕਰ ਬਲਾਕ ਜ਼ਿਲ੍ਹਾ ਅਤੇ ਸਟੇਟ ਵਿੱਚ ਸਰਬਸੰਮਤੀ ਨਹੀਂ ਹੋ ਪਾ ਰਹੀ ਅਤੇ ਚੁਣਾਵ ਦੀ ਨੌਬਤ ਆ ਰਹੀ ਹੈ ਤਾਂ ਚੁਣਾਵ ਇਸ ਤਰ੍ਹਾਂ ਕਰਵਾਏ ਜਾਣਗੇ

5.01ਬਲਾਕ ਦੇ ਲਈ ਜ਼ਿਲ੍ਹਾ ਕੋਰ ਕਮੇਟੀ ਇਲੈਕਸ਼ਨ ਕਮੇਟੀ ਬਣਾਏਗੀ, ਜ਼ਿਲ੍ਹੇ ਦੇ ਲਈ ਸਟੇਟ ਕੋਰ ਕਮੇਟੀ ਇਲੈਕਸ਼ਨ ਕਮੇਟੀ ਬਣਾਵੇਗੀ ਔਰ ਸਟੇਟ ਦੇ ਲਈ ਸਟੇਟ ਜਨਰਲ ਹਾਊਸ ਇਲੈਕਸ਼ਨ ਕਮੇਟੀ ਬਣਾਵੇਗਾ

5.02 ਬਲਾਕ ਦੀ ਇਲੈਕਸ਼ਨ ਕਮੇਟੀ ਦੋ ਮੈਂਬਰੀ, ਜ਼ਿਲ੍ਹੇ ਦੀ ਇਲੈਕਸ਼ਨ ਕਮੇਟੀ ਤਿੰਨ ਤੋਂ ਪੰਜ ਮੈਂਬਰੀ ਅਤੇ ਸਟੇਟ ਦੀ ਇਲੈਕਸ਼ਨ ਕਮੇਟੀ ਪੰਜ ਤੋਂ ਸੱਤ ਮੈਂਬਰੀ ਹੋਵੇਗੀ

5.03 ਇਲੈਕਸ਼ਨ ਕਮੇਟੀ ਨੈਮੀਨੇਸ਼ਨ ਕਰਨ ਵਾਸਤੇ ਦੋ ਦਿਨ, ਚਾਹਵਾਨ ਉਮੀਦਵਾਰ ਨੂੰ ਆਪਣੀ ਗੱਲ ਰੱਖਣ ਵਾਸਤੇ ਚਾਰ ਦਿਨ ਅਤੇ ਨੈਮੀਨੇਸ਼ਨ ਵਾਪਸ ਲੈਣ ਦੇ ਲਈ ਦੋ ਦਿਨ ਦੇਵੇਗੀ

5.04 ਇਲੈਕਸ਼ਨ ਕਮੇਟੀ ਦਾ ਖ਼ਰਚਾ ਕਿਉਂਕਿ ਸੰਬੰਧਿਤ ਜਿੱਥੇ ਇਲੈਕਸ਼ਨ ਹੋ ਰਿਹਾ ਹੈ ਉਹ ਕਮੇਟੀ ਹੀ ਅਦਾ ਕਰੇਗੀ ਇਸ ਲਈ ਉਹ ਆਪਣੇ ਵਿਚਾਰ ਅਨੁਸਾਰ ਜਾਂ ਖ਼ਰਚੇ ਅਨੁਸਾਰ ਅਹੁਦੇਦਾਰਾਂ ਤੋਂ ਨੈਮੀਨੇਸ਼ਨ ਫ਼ੀਸ ਵੀ ਲੈ ਸਕਦੀ ਹੈ

5.05 ਇੱਕ ਵਾਰ ਬਣਾਏ ਜਾਣ ਤੇ ਇਲੈਕਸ਼ਨ ਕਮੇਟੀ ਇੰਡੀਪੈਂਡੈਂਟ ਕੰਮ ਕਰੇਗੀ ਅਤੇ ਭੰਗ ਨਹੀਂ ਕੀਤੀ ਜਾ ਸਕਦੀ ਅਤੇ ਚੁਣਾਵ ਸੰਪੰਨ ਹੋਣ ਤੋਂ ਬਾਅਦ ਖੁਦ ਬ ਖੁਦ ਭੰਗ ਹੋ ਜਾਵੇਗੀ

5.06 ਸਾਰੇ ਪ੍ਰੋਟੋਕਾਲ ਤੋਂ ਬਾਅਦ ਇਲੈਕਸ਼ਨ ਕਮੇਟੀ ਕਿਸੇ ਵੀ ਐਤਵਾਰ ਨੂੰ ਇਲੈਕਸ਼ਨ ਦਾ ਪ੍ਰਬੰਧ ਕਰੇਗੀ ਅਤੇ ਸਾਰੇ ਹੀਸਬੰਧਿਤ ਵੋਟਰਾਂ ਨੂੰ ਸੂਚਿਤ ਕਰੇਗੀ
5.07 ਇਲੈਕਸ਼ਨ ਦਾ ਨਤੀਜਾ ਉਸੇ ਦਿਨ ਅਨਾਊਂਸ ਕੀਤਾ ਜਾਵੇਗਾ, ਵਿਜੇਤਾ ਅਹੁਦੇਦਾਰ ਉਸ ਨੂੰ ਘੋਸ਼ਿਤ ਕੀਤਾ ਜਾਵੇਗਾ ਜਿਸ ਨੂੰ ਸਭ ਤੋਂ ਵੱਧ ਵੋਟਾਂ ਪਈ ਹੋਣਗੀਆਂ

5.08 ਅੰਤਿਮ ਫੈਸਲਾ ਇਲੈਕਸ਼ਨ ਕਮੇਟੀ ਦਾ ਹੀ ਮੰਨਿਆ ਜਾਵੇਗਾ

5.09 **ਇਹ ਸੰਸਥਾ ਸਾਰੇ ਲੈਬ ਅਤੇ ਅਲਾਈਡ ਪ੍ਰੋਫੈਸ਼ਨਲ ਵਿੱਚ ਭਾਈਚਾਰਾ ਕਾਇਮ ਕਰਨ ਵਾਸਤੇ ਬਣੀ ਹੈ ਇਸ ਕਰਕੇ ਇਲੈਕਸ਼ਨ ਕਮੇਟੀ ਇੱਕ ਵਾਰ ਆਪਣੇ ਤੌਰ ਤੇ ਵੀ ਕੋਸ਼ਿਸ਼ ਕਰੇਗੀ ਕਿ ਇਲੈਕਸ਼ਨ ਨਾ ਹੋ ਕੇ ਸਰਬ ਸੰਮਤੀ ਹੋ ਜਾਵੇ**

## ਆਰਟੀਕਲ ਨੰਬਰ 6:- ਫੰਡ, FUND

6.01 ਅੱਠ ਜੂਨ 2017 ਤੋਂ ਲੈ ਕੇ 31 ਮਾਰਚ 2019 ਤੱਕ ਜੋ ਪ੍ਰੋਟੋਕਾਲ ਰਿਹਾ ਉਹ ਇਸ ਪ੍ਰਕਾਰ ਸੀ:-
ਹਰ ਮੈਂਬਰ ਨੇ 2600 ਰੁਪਿਆ ਵਨ ਟਾਈਮ ਦਿੱਤਾ ਜੋ ਜ਼ਿਲ੍ਹੇ ਕੋਲ ਰਿਹਾ ਅਤੇ ਦੋ ਸੌ ਰੁਪਏ ਪ੍ਰਤੀ ਮਹੀਨਾ ਜ਼ਿਲ੍ਹਾ ਅਤੇ ਸਟੇਟ ਨੇ ਆਪਣੀ ਜ਼ਰੂਰਤ ਅਨੁਸਾਰ ਲਿਤਾ

6.02 ਇਨ੍ਹਾਂ ਦੋ ਸਾਲਾਂ ਦੌਰਾਨ ਸਟੇਟ ਕੈਸ਼ੀਅਰ ਨੇ ਦੋ ਵਾਰ ਆਪਣੀ ਆਡਿਟ ਰਿਪੋਰਟ ਜ਼ਿਲ੍ਹਿਆਂ ਨੂੰ ਦਿੱਤੀ

6.03 ਇਹ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਫੰਡ ਦਾ ਪ੍ਰੋਟੋਕਾਲ ਇਸ ਪ੍ਰਕਾਰ ਰਹੇਗਾ
(i) LAB OWNER ਮੈਂਬਰ ਵਨ ਟਾਈਮ 5100 ਰੁਪਏ ਅਤੇ ਪ੍ਰਤੀ ਮਹੀਨਾ 200 ਰੁਪਏ ਦੇਵੇਗਾ ਅਤੇ AHP ਮੈਂਬਰ ਦੋ ਸਾਲ ਵਿੱਚ ਇੱਕ ਵਾਰ 600 ਰੁਪਿਆ ਦੇਵੇਗਾ ਜੋ ਬਲਾਕ (ਇੱਕ ਐਮ ਐਲ ਏ ਹਲਕਾ) ਕੋਲ ਰਹੇਗਾ

(ii) ਹਰ ਬਲਾਕ (ਇੱਕ ਐਮ ਐਲ ਏ ਹਲਕਾ) ਸਾਲਾਨਾ ਪੰਜ ਹਜ਼ਾਰ (5000) ਸਟੇਟ ਨੂੰ ਅਤੇ ਪੰਦਰਾਂ ਹਜ਼ਾਰ (15000) District ਨੂੰ ਦੇਵੇਗਾ

ਉਦਾਹਰਨ ਦੇ ਤੌਰ ਤੇ ਜੇਕਰ ਇੱਕ ਬਲਾਕ (ਇੱਕ ਐਮ ਐਲ ਏ ਹਲਕਾ) ਵਿੱਚ 25 ਲੈਬ ਓਨਰ ਹਨ
ਤਾਂ 200 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਸਾਲਾਨਾ ਬਲਾਕ ਕੋਲ ਸੱਠ ਹਜ਼ਾਰ (60000) ਰੁਪਏ ਇਕੱਠਾ ਹੋਣਗੇ ਜਿਸ ਵਿੱਚੋਂ ਸਾਲਾਨਾ ਚਾਲੀ ਹਜ਼ਾਰ (40000) ਵਿੱਚ ਬਲਾਕ ਆਪਣਾ ਖਰਚਾ ਕਰੇਗਾ ਪੰਦਰਾਂ ਹਜ਼ਾਰ (15000) ਜ਼ਿਲ੍ਹਾ ਨੂੰ ਦੇਵੇਗਾ ਅਤੇ ਪੰਜ ਹਜ਼ਾਰ (5000) ਸਟੇਟ ਨੂੰ ਸਾਲਾਨਾ ਦੇਵੇਗਾ

6.04 ਕਿਸੇ ਵੀ ਆਪਾਤ ਸਥਿਤੀ ਵਿੱਚ ਜਾਂ ਫੈਮਿਲੀ ਵੈੱਲਫੇਅਰ ਪਰਿਵਾਰ ਭਲਾਈ ਫੰਡ ਦੇ ਲਈ ਸਟੇਟ ਜਨਰਲ ਹਾਊਸ ਵਿੱਚ ਮਤਾ ਪਾਸ ਕਰਕੇ ਜਿਸ ਵਿੱਚ ਸਾਰੀਆਂ ਜ਼ਿਲ੍ਹਾ ਕੋਰ ਕਮੇਟੀ ਅਤੇ ਪੰਜਾਬ ਦੇ ਸਾਰੇ ਬਲਾਕ ਪ੍ਰਧਾਨ ਸ਼ਾਮਿਲ ਹੋਣਗੇ ਉਹ ਦੋ ਤਿਹਾਈ ਬਹੁਮਤ ਨਾਲ ਮਤਾ ਪਾਸ ਕਰਕੇ ਫੰਡ ਸਟੇਟ ਬੈਂਕ ਅਕਾਊਂਟ ਵਿੱਚ ਇਕੱਠਾ ਕਰ ਸਕਦੇ ਹਨ

ਅਗਲੇ ਪੇਜ ਤੇ ਦਿੱਤੀ ਗਈ ਬਲਾਕਾਂ ਦੀ ਲਿਸਟ ਅਨੁਸਾਰ ਹੀ ਬਲਾਕਾਂ ਦਾ ਗਠਨ ਹੋਵੇਗਾ

| District No. & Name | JAIMLAP (PUNJAB) BLOCK NAMES & NUMBER | |
|---|---|---|
| **01-Pathankot** | 1 | Sujanpur |
| | 2 | Bhoa |
| | 3 | Pathankot |
| **02-Gurdaspur** | 4 | Gurdaspur |
| | 5 | Dina Nagar |
| | 6 | Qadian |
| | 7 | Batala |
| | 8 | Sri Hargobindpur |
| | 9 | Fatehgarh Churian |
| | 10 | Dera Baba Nanak |
| **03-Amritsar** | 11 | Ajnala |
| | 12 | Raja Sansi |
| | 13 | Majitha |
| | 14 | Jandiala |
| | 15 | Amritsar North |
| | 16 | Amritsar West |
| | 17 | Amritsar Central |
| | 18 | Amritsar East |
| | 19 | Amritsar South |
| | 20 | Attari |
| | 25 | Baba Bakala |
| **04-Tarn Taran** | 21 | Tarn Taran |
| | 22 | Khemkaran |
| | 23 | Patti |
| | 24 | Khadoor Sahib |
| **05-Kapurthala** | 26 | Bholath |
| | 27 | Kapurthala |
| | 28 | Sultanpur Lodhi |
| | 29 | Phagwara |
| **06-Jalandhar** | 30 | Phillaur |
| | 31 | Nakodar |
| | 32 | Shahkot |
| | 33 | Kartarpur |
| | 34 | Jalandhar West |
| | 35 | Jalandhar Central |
| | 36 | Jalandhar North |
| | 37 | Jalandhar Cantt. |
| | 38 | Adampur |
| **07-Hoshiarpur** | 39 | Mukerian |
| | 40 | Dasuya |
| | 41 | Urmar |
| | 42 | Sham Chaurasi |
| | 43 | Hoshiarpur |
| | 44 | Chabbewal |
| | 45 | Garhshankar |

| District No. & Name | JAIMLAP (PUNJAB) BLOCK NAMES & NUMBER | |
|---|---|---|
| **08-Nawan Shahr** | 46 | Banga |
| | 47 | Nawan Shahr |
| | 48 | Balachaur |
| **09-Rupnagar** | 49 | Anadpur Sahib |
| | 50 | Rupnagar |
| | 51 | Chamkaur Sahib |
| **10-SAS Nagar** | 52 | Kharar |
| | 53 | S.A.S. Nagar |
| | 112 | Dera Bassi |
| **11-Fatehgarh Sahib** | 54 | Bassi Pathana |
| | 55 | Fatehgarh Sahib |
| | 56 | Amloh |
| **12-Ludhiana** | 57 | Khanna |
| | 58 | Samrala |
| | 59 | Sahnewal |
| | 60 | Ludhiana East |
| | 61 | Ludhiana South |
| | 62 | Atam Nagar |
| | 63 | Ludhiana Central |
| | 64 | Ludhiana West |
| | 65 | Ludhiana North |
| | 66 | Gill |
| | 67 | Payal |
| | 68 | Dakha |
| | 69 | Raikot |
| | 70 | Jagraon |
| **13-Moga** | 71 | Nihal Singh Wala |
| | 72 | Bhagha Purana Tehsil |
| | 73 | Moga |
| | 74 | Dharamkot |
| **14-Firozepur** | 75 | Zira |
| | 76 | Ferozepur City |
| | 77 | Ferozepur Rural |
| | 78 | Guru Har Sahai |
| **15-Fazilka** | 79 | Jalalabad |
| | 80 | Fazilka |
| | 81 | Abohar |
| | 82 | Balluana |
| **16-Muktsar** | 83 | Lambi |
| | 84 | Gidderbaha |
| | 85 | Malout |
| | 86 | Muktsar |
| **17-Faridkot** | 87 | Faridkot |
| | 88 | Kotkapura |
| | 89 | Jaitu |

| District No. & Name | JAIMLAP (PUNJAB) BLOCK NAMES & NUMBER | |
|---|---|---|
| **18-Bathinda** | 90 | Rampura Phul |
| | 91 | Bhucho Mandi |
| | 92 | Bathinda Urban |
| | 93 | Bathinda Rural |
| | 94 | Talwandi Sabo |
| | 95 | Maur |
| **19-Mansa** | 96 | Mansa |
| | 97 | Sardulgarh |
| | 98 | Budhalada |
| **20-Sangrur** | 99 | Lehra |
| | 100 | Dirba |
| | 101 | Sunam |
| | 105 | Malerkotla |
| | 106 | Amargarh |
| | 107 | Dhuri |
| | 108 | Sangrur |
| **21-Barnala** | 102 | Bhadaur |
| | 103 | Barnala |
| | 104 | Mehal Kalan |
| **22-Patiala** | 109 | Nabha |
| | 110 | Patiala Rural |
| | 111 | Rajpura |
| | 113 | Ghanaur |
| | 114 | Sanour |
| | 115 | Patiala |
| | 116 | Samana |
| | 117 | Shutrana |

# Joint Association of Independent Medical Laboratory & Allied Professionals (JAI MLAP) Regd.

(Regd. No. ROFS/PB/0068 of 2018-19)

A Punjab Level Registered Umbrella Association of MLTs and Allied Health Professionals

## MEMBERSHIP APPLICATION FORM

PASSPORT SIZE PHOTO

**TO,**
**HONOURABLE BLOCK GENERAL SECRETARY,**
**BLOCK_____,**
**DISTRICT NAME _____,**
**PUNJAB.**

**Dear Sir,**

**I hereby apply to be enrolled as a _____ (LAB OWNER / AHP) block membership of the JAIMLAP Punjab (Joint Association of Independent Medical Laboratory & Allied Professionals Regd. No. ROFS/PB/0068 of 2018-19. I certify that all my documents furnished are true. If my statement is found to be incorrect my membership would stand to be cancelled and the fee paid by me will be liable to be forfeited by JAIMLAP Punjab. I hereby give undertaking that I shall abide by the Rules and Regulations of JAIMLAP Punjab. At Present I am working in your Block as AHP or Running my own Medical/Clinical Laboratory in your Block.**

**Member's Name (BLOCK LETTERS) .....**

**Father's / Husband's Name .....**

**Date of Birth (DD/MM/YYYY) ..... Blood Group ..... Mobile Num .....**

**AHP Category (For Example MLT / OT Technician etc) .....**

| QUALIFICATION | 10th | 12th | Diploma | BSc | MSc | PhD |
|---|---|---|---|---|---|---|
| YEAR | | | | | | |
| BOARD / UNIVERSITY | | | | | | |
| BSc/MSc/PhD in which Subject For Example MSc (MLT), MSc (CMB) | | | | | | |

**(Photocopies of Qualifications not necessary).**

**AADHAR CARD NUM (With self attested photo copy) .....**

**Place of work (For AHP Member Only).....**

**FOR LAB OWNER MEMBER ONLY**

**LABORATORY NAME & ADDRESS (BLOCK LETTERS) .....**

**.....YEAR OF OPENING .....**

**PINCODE ..... LANDLINE NUM ..... EMAIL .....**

**(Must attach self attested Laboratory Letter Pad, Photocopy Biowaste Agreement, Photocopy PPCB Authorisation).**

**NO. OF Technicians Working in Lab .....**

**Lab Owner / AHP Member's Signature**

**FOR OFFICE BEARERS ONLY**

**Membership Fee Slip Number ..... Amount Received .....**

**BLOCK CASHIER NAME ..... MOB ..... SIGNATURE**

**BLOCK GEN. SEC. NAME ..... MOB ..... SIGNATURE**

**BLOCK PRESIDENT NAME ..... MOB ..... SIGNATURE**

**Copy to District General Secretary & State General Secretary.**

Head Office : Shop No. 1677/401, Near Chanam Ram Petrol Pump, G.T. Road, Mandi Gobindgarh -147301 (Distt. Fatehgarh Sahib) Pb.
M.: 99880-01628 | E-mail : mlap.punjab@gmail.com